# ECHO OF HIS CALL

PUNJABI

# ਬੁਲਾਵੇ ਦੀ ਗਜ

₹ 10/-

ECHO OF HIS CALL 1969-2019 GOLDEN JUBILEE (ECHO GROUP)

**India's National Spiritual Newspaper**

Published monthly in ENGLISH, TAMIL, MALAYALAM, TELUGU, HINDI, KANNADA, MARATHI, BENGALI, GUJARATI, ODIYA, ASSAMESE, PUNJABI, NEPALI, URDU, SINHALA & AFRIKAN

Editor : S. SAM SELVA RAJ | 16 Languages | Associate Editor : Bro. Ashish Ramesh Baldhari

VOL. XXIII | YEAR OF OUR LORD JESUS CHRIST, JUNE 2022 | No. 01


ਪਵਿੱਤਰ ਬਾਈਬਲ

ਕਿਰਪਾ ਕਰਕੇ ਇਸ ਹਿੱਸੇ ਨੂੰ ਯਾਦ ਕਰੋ

**PRAISE THE LORD**

ਕਹਾਉਤਾਂ 4:1-10

1. ਹੇ ਮੇਰੇ ਪੁੱਤ੍ਰੋ, ਤੁਸੀਂ ਪਿਓ ਦਾ ਉਪਦੇਸ਼ ਸੁਣੋ ਅਤੇ ਸਮਝ ਪ੍ਰਾਪਤ ਕਰਨ ਉੱਤੇ ਮਨ ਲਾਓ।
2. ਕਿਉਂ ਜੋ ਮੈਂ ਤੁਹਾਨੂੰ ਚੰਗੀ ਸਿੱਖਿਆ ਦਿੰਦਾ ਹਾਂ, ਤੁਸੀਂ ਮੇਰੀ ਤਾਲੀਮ ਨੂੰ ਨਾ ਛੱਡੋ।
3. ਜਦ ਮੈਂ ਆਪਣੇ ਪਿਓ ਦਾ ਪੁੱਤ੍ਰ ਅਤੇ ਆਪਣੀ ਮਾਂ ਦਾ ਇਕੱਲਾ ਹੀ ਲਾਡਲਾ ਸਾਂ।
4. ਤਾਂ ਉਹ ਨੇ ਮੈਨੂੰ ਸਿਖਾਇਆ ਤੇ ਇਹ ਆਖਿਆ, ਤੇਰਾ ਮਨ ਮੇਰੀਆਂ ਗੱਲਾਂ ਨੂੰ ਫੜੇ, ਤੂੰ ਮੇਰੇ ਹੁਕਮਾਂ ਨੂੰ ਮੰਨ ਤਾਂ ਤੂੰ ਜੀਵੇਂਗਾ।
5. ਬੁੱਧ ਨੂੰ ਪ੍ਰਾਪਤ ਕਰ, ਸਮਝ ਨੂੰ ਵੀ ਪ੍ਰਾਪਤ ਕਰ, ਮੇਰੇ ਬਚਨਾਂ ਨੂੰ ਭੁਲਾਈਂ ਨਾ ਅਰ ਨਾ ਉਨ੍ਹਾਂ ਤੋਂ ਮੁੜੀਂ।
6. ਉਹ ਨੂੰ ਨਾ ਛੱਡੀਂ ਤਾਂ ਉਹ ਤੇਰੀ ਰੱਛਿਆ ਕਰੇਗੀ, ਉਹ ਦੇ ਨਾਲ ਪ੍ਰੀਤ ਲਾਵੀਂ ਤਾਂ ਉਹ ਤੇਰੀ ਰਾਖੀ ਕਰੇਗੀ।
7. ਬੁੱਧ ਦਾ ਮੁੱਢ ਇਹ ਹੈ ਭਈ ਬੁੱਧ ਨੂੰ ਪ੍ਰਾਪਤ ਕਰ ਅਤੇ ਆਪਣੀ ਸਾਰੀ ਪ੍ਰਾਪਤੀ ਨਾਲ ਸਮਝ ਨੂੰ ਪ੍ਰਾਪਤ ਕਰ।
8. ਉਹ ਦੀ ਵਡਿਆਈ ਕਰ ਤਾਂ ਉਹ ਤੈਨੂੰ ਵਧਾਵੇਗੀ, ਜੇ ਤੂੰ ਉਹ ਨੂੰ ਗਲ ਲਾਵੇਂ ਤਾਂ ਉਹ ਤੈਨੂੰ ਆਦਰ ਦੇਵੇਗੀ।
9. ਉਹ ਤੇਰੇ ਸਿਰ ਉੱਤੇ ਸਜਾਵਟ ਦਾ ਸਿਹਰਾ ਬੰਨ੍ਹੇਗੀ, ਉਹ ਤੈਨੂੰ ਸੁਹੱਪਣ ਦਾ ਮੁਕਟ ਦੇਵੇਗੀ।
10. ਹੇ ਮੇਰੇ ਪੁੱਤ੍ਰ ਸੁਣ ਅਤੇ ਮੇਰੀਆਂ ਗੱਲਾਂ ਮੰਨ ਲੈ ਤਾਂ ਤੇਰੀ ਉਮਰ ਬਹੁਤ ਵਰ੍ਹਿਆਂ ਦੀ ਹੋਵੇਗੀ।

# ਤੁਹਾਡਾ ਸੋਗ ਅਨੰਦ ਵਿੱਚ ਬਦਲ ਜਾਵੇਗਾ!

**ਪਾਸਟਰ ਐੱਸ. ਸੈਮ ਸੇਲਵਾ ਰਾਜ ਵੱਲੋਂ ਮੁੱਖ ਚਰਚ ਵਿੱਚ ਦਿੱਤਾ ਗਿਆ ਸੰਦੇਸ਼**

YOUR MOURNING WILL TURN INTO JOY! (Psalm 30:11)

ਮੁਸੀਬਤ ਦੇ ਸਮੇਂ, ਜਦੋਂ ਅਸੀਂ ਸਲਾਹ ਲੈਣ ਲਈ ਆਪਣੇ ਦੋਸਤਾਂ ਜਾਂ ਡਾਕਟਰਾਂ ਕੋਲ ਜਾਂਦੇ ਹਾਂ, ਤਾਂ ਉਹ ਸਾਨੂੰ ਇਹ ਕਹਿ ਕੇ ਦਿਲਾਸਾ ਦਿੰਦੇ ਹਨ, “ਚਿੰਤਾ ਨਾ ਕਰੋ, ਸਭ ਠੀਕ ਹੋ ਜਾਵੇਗਾ। ਸਮੇਂ ਦੇ ਨਾਲ-ਨਾਲ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦੂਰ ਹੋ ਜਾਣਗੀਆਂ।” ਪ੍ਰਮੇਸ਼ਵਰ ਦੇ ਬਹੁਤ ਸਾਰੇ ਬੱਚੇ ਦੁੱਖ, ਦਰਦ ਅਤੇ ਬਿਪਤਾ ਵਿੱਚ ਰਹਿੰਦੇ ਹਨ। ਜਦੋਂ ਸਾਡੀਆਂ ਸਮੱਸਿਆਵਾਂ ਵਧ ਜਾਂਦੀਆਂ ਹਨ, ਤਾਂ ਅਸੀਂ ਉਮੀਦ ਗੁਆ ਦਿੰਦੇ ਹਾਂ। ਜਦੋਂ ਅਸੀਂ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੀ ਅਗਵਾਈ ਬਾਰੇ ਬਹੁਤ ਸਪੱਸ਼ਟ ਨਹੀਂ ਹੁੰਦੇ, ਤਾਂ ਅਸੀਂ ਬਹੁਤ ਚਿੰਤਾ ਕਰਦੇ ਹਾਂ। ਉਦਾਹਰਣ ਵਜੋਂ ਕੋਵਿਡ-19 ਦੇ ਪ੍ਰਭਾਵ ਕਾਰਨ ਦੁਨੀਆ ਦੇ ਸਾਰੇ ਲੋਕਾਂ ਨੂੰ ਬਹੁਤ ਨੁਕਸਾਨ ਝੱਲਣਾ ਪਿਆ। ਬਿਮਾਰੀ ਵੱਲੋਂ ਆਈ ਕੋਈ ਵੀ ਤਕਲੀਫ਼, ਮੁਸੀਬਤ ਜਾ ਸਜ਼ਾ ਦੁਖਦਾਈ ਹੁੰਦੀ ਹੈ। ਜਦੋਂ ਅਸੀਂ ਸਾਡੇ ਜੀਵਨ ਵਿੱਚ ਵਾਪਰੀਆਂ ਦੁਖਦਾਈ ਘਟਨਾਵਾਂ ਬਾਰੇ ਸੋਚਦੇ ਹਾਂ, ਤਾਂ ਅਸੀਂ ਸੋਚਦੇ ਹਾਂ ਕਿ "ਕੀ ਇਹ ਪ੍ਰਭੂ ਦੀ ਜਾਣਕਾਰੀ ਤੋਂ ਬਿਨਾਂ ਵਾਪਰਿਆ ਹੈ? ਕੀ ਪ੍ਰਭੂ ਨੇ ਮੇਰੀਆਂ ਮੁਸ਼ਕਲਾਂ ਵੱਲ ਧਿਆਨ ਨਹੀਂ ਦਿੱਤਾ?” ਪਰ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰਭੂ ਦੀ ਜਾਣਕਾਰੀ ਤੋਂ ਬਿਨਾਂ ਸਾਡੇ ਜੀਵਨ ਵਿੱਚ ਕੁਝ ਨਹੀਂ ਵਾਪਰਦਾ। ਜਦੋਂ ਅਸੀਂ ਅਜਿਹੇ ਦੁਖਦਾਈ ਅਨੁਭਵਾਂ ਵਿੱਚੋਂ ਲੰਘਦੇ ਹਾਂ, ਤਾਂ ਪ੍ਰਮੇਸ਼ਵਰ ਦੁੱਖਾਂ ਅਤੇ ਮੁਸੀਬਤਾਂ ਨੂੰ ਖੁਸ਼ੀ ਵਿੱਚ ਬਦਲ ਦਿੰਦਾ ਹੈ! ਇਸ ਲਈ, ਤੁਹਾਡਾ ਵਰਤਮਾਨ ਦੁੱਖ ਜ਼ਰੂਰ ਖੁਸ਼ੀ ਵਿੱਚ ਬਦਲ ਜਾਵੇਗਾ! ਨਾ ਡਰੋ! "... ਪਰ ਤੁਹਾਡਾ ਦੁੱਖ ਅਨੰਦ ਵਿੱਚ ਬਦਲ ਜਾਵੇਗਾ" (ਯੂਹੰਨਾ 16:20)।

ਅਸੀਂ ਮੱਤੀ 5:4 ਵਿਚ ਪੜ੍ਹਦੇ ਹਾਂ, "ਧੰਨ ਹਨ ਉਹ ਜਿਹੜੇ ਸੋਗ ਕਰਦੇ ਹਨ, ਕਿਉਂ ਜੋ ਉਹ ਸ਼ਾਂਤ ਕੀਤੇ ਜਾਣਗੇ"। ਅਸੀਂ ਸੋਚਦੇ ਹਾਂ ਕਿ ਧੰਨ ਉਹ ਲੋਕ ਹਨ ਜੋ ਇਸ ਸੰਸਾਰ ਵਿੱਚ ਹਰ ਕਿਸਮ ਦੇ ਪਦਾਰਥਕ ਸੁੱਖਾਂ ਦਾ ਆਨੰਦ ਮਾਣਦੇ ਹਨ। ਪਰ ਪ੍ਰਭੂ ਆਖਦਾ ਹੈ ਕਿ ਸੋਗ ਕਰਨ ਵਾਲੇ ਧੰਨ ਹਨ! ਕੀ ਇਹ ਅਜੀਬ ਨਹੀਂ ਹੈ? ਪ੍ਰਭੂ, ਜੋ ਜਾਣਦਾ ਹੈ ਕਿ ਸੋਗ ਕਰਨ ਵਾਲੇ ਮੁਬਾਰਕ ਹਨ, ਇਹ ਵੀ ਪੂਰੀ ਤਰ੍ਹਾਂ ਜਾਣਦਾ ਹੈ ਕਿ ਸੋਗ ਅਨੰਦ ਵਿੱਚ ਬਦਲ ਜਾਵੇਗਾ! ਸੰਸਾਰ ਲਈ ਇਸ ਨਾਲ ਸਹਿਮਤ ਹੋਣਾ ਬਹੁਤ ਮੁਸ਼ਕਲ ਹੈ।


ਮਨ ਦੀ ਇੱਕ ਚੁੱਪ ਅਤੇ ਉਦਾਸ ਅਵਸਥਾ ਉਸ ਵਿਅਕਤੀ ਦੀ ਸਥਿਤੀ ਹੁੰਦੀ ਹੈ ਜੋ ਡੂੰਘੇ ਦੁੱਖ ਵਿੱਚ ਹੈ। ਬੇਰੋਜ਼ਗਾਰੀ, ਬੀਮਾਰੀ, ਪੈਸੇ ਦੀ ਕਮੀ, ਕੰਮ ਵਾਲੀ ਥਾਂ 'ਤੇ ਮੁਸ਼ਕਲਾਂ ਜਾਂ ਪਰਿਵਾਰ ਵਿਚ ਮੁਸ਼ਕਲਾਂ, ਭਵਿੱਖ ਦੀ ਚਿੰਤਾ ਆਦਿ ਕਾਰਨ ਦੁੱਖ ਪੈਦਾ ਹੋ ਸਕਦੇ ਹਨ, ਸਾਡਾ ਦੁੱਖ ਜੋ ਵੀ ਹੋਵੇ, ਪ੍ਰਭੂ ਆਖਦਾ ਹੈ ਕਿ ਅਸੀਂ ਸਾਰੇ ਜੋ ਅਜਿਹੇ ਔਖੇ ਸਮੇਂ ਵਿਚੋਂ ਲੰਘਦੇ ਹਾਂ ਮੁਬਾਰਕ ਹਾਂ, ਅਤੇ ਸਾਨੂੰ ਸ਼ਾਂਤੀ ਮਿਲੇਗੀ। ਔਖੇ ਹਾਲਾਤ ਖ਼ੁਸ਼ੀ ਭਰੇ ਹਾਲਾਤਾਂ ਵਿਚ ਬਦਲ ਜਾਣਗੇ, ਭਾਵੇਂ ਕਿ ਯਿਸੂ ਮਸੀਹ ਨੇ ਬਹੁਤ ਸਮਾਂ ਪਹਿਲਾਂ ਇਹ ਵਾਅਦਾ ਕੀਤਾ ਸੀ, ਇਹ ਅੱਜ ਵੀ ਢੁਕਵਾਂ ਹੈ। ਇਸ ਲਈ ਖੁਸ਼ ਅਤੇ ਅਨੰਦਤ ਹੋਵੋ! “ਸੋ ਆਪਣੇ ਆਪ ਨੂੰ ਪਰਮੇਸ਼ੁਰ ਦੇ ਬਲਵੰਤ ਹੱਥ ਹੇਠ ਨੀਵਾਂ ਕਰੋ, ਤਾਂ ਜੋ ਉਹ ਤੁਹਾਨੂੰ ਸਮੇਂ ਸਿਰ ਉੱਚਾ ਕਰੇ” (1 ਪਤਰਸ 5:6)।

ਜਦੋਂ ਅਸੀਂ ਆਪਣੀ ਕਮਜ਼ੋਰੀ ਅਤੇ ਗਰੀਬੀ ਦੌਰਾਨ ਪ੍ਰਭੂ ਨੂੰ ਤੱਕਦੇ ਹਾਂ ਤਾਂ ਅਸੀਂ ਪ੍ਰਭੂ ਨੂੰ ਦੀ ਅਵਾਜ਼ ਨੂੰ ਸੁਣਨਾ ਸ਼ੁਰੂ ਕਰ ਦਿੰਦੇ ਹਾਂ। ਜੋ ਬਿਨਾਂ

(ਚਲਦਾ ਸਫਾ 3-)

# ECHO OF HIS CALL - (1969-2019 GOLDEN JUBILEE YEAR)

## from your dearly beloved brother...






### ਸਾਡੀ ਮਿਸ਼ਨ ਨੀਤੀ

ਸਾਨੂੰ ਵਰਤਮਾਨ ਨੌਜਵਾਨ ਪੀੜ੍ਹੀ ਨੂੰਮਿਲਾਵਟ ਰਹਿਤ ਬਾਈਬਲ ਦੀਆਂਸਿੱਖਿਆਵਾਂ ਅਤੇ ਅਰੰਭਕ ਰਸੂਲਾਂ ਦੀਆਂ ਸਿੱਖਿਆਵਾਂ ਸਿਖਾਉਣ ਦੀ ਲੋੜ ਹੈ। ਇਹੀ ਇਸ ਸਮੇਂ ਦੀ ਮੰਗ ਹੈ


CHIEF EDITOR
Angeline Selvakumari Henry, M.A., M.Ed.

MANAGING EDITOR
Pastor Alex Samson Sam, B.Th., M.Div.

ADMINISTRATION
Bro. N. Prakasam, M.A., General Manager

EDITORIAL BOARD
Sis. Jesy Veena Sam
Bro. M. Paulraj, M.A., B.Ed.
Sis. Serena Bevin, M.A., M.Phil., B.Ed.

EDITOR, PUBLISHER & PRINTER
Pastor S. SAM SELVA RAJ
Echo of His Call Printers
10, Mohammed Abdullah 2nd Street,
Chepauk, Chennai- 600 005, India.
Phone : (+ 91- 44) 2852 8282, 2852 9293, 2854 7766
Cell : (+91) 98410 71852, 95661 31858

E.mail ID
sam@echoofhiscall.org
biblecor@yahoo.co.in

WEBSITES
www.echoofhiscall.org
www.stpaulsmatriculation.com

YOUTUBE CHANNEL
Echo of His Call


"ਉਹ ਤੇਰੀਆਂ ਹੱਦਾਂ ਵਿੱਚ ਸੁਲ੍ਹਾ ਰੱਖਦਾ ਹੈ, ਉਹ ਤੈਨੂੰ ਮੈਦਾ ਵਾਲੀ ਕਣਕ ਨਾਲ ਰਜਾਉਂਦਾ ਹੈ।" (ਜ਼ਬੂਰ 147:14)

ਮਸੀਹ ਵਿੱਚ ਪਿਆਰੇ ਦੋਸਤੋ,ਅਸੀਂ ਤੁਹਾਨੂੰ ਸਾਡੇ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਦੇ ਬੇਮਿਸਾਲ ਨਾਮ ਵਿੱਚ ਸ਼ੁੱਭ ਇੱਛਾਵਾਂ ਦਿੰਦੇ ਹਾਂ। ਅਸੀਂ ਆਪਣੇ ਪ੍ਰਭੂ ਪ੍ਰਮੇਸ਼ਵਰ ਦੀ ਉਸਤਤ ਕਰਦੇ ਹਾਂ ਜਿਸ ਨੇ ਹੁਣ ਤੀਕ ਸਾਡੀ ਅਦਭੁੱਤ ਅਗਵਾਈ ਕੀਤੀ ਸੀ।

### ਬੁਲਾਵੇ ਦੀ ਗੂੰਜ ਮੈਗਜ਼ੀਨ

ਸਾਡੇ ਪ੍ਰਭੂ ਯਿਸੂ ਮਸੀਹ ਦੀਆਂ ਅਥਾਹ ਮਿਹਰਾਂ ਸਦਕਾ, ਉਹ ਸਾਨੂੰ 16 ਭਾਸ਼ਾਵਾਂ ਵਿੱਚ ਆਪਣਾ ਮਾਸਿਕ ਮੈਗਜ਼ੀਨ 'ਬੁਲਾਵੇ ਦੀ ਗੂੰਜ' ਛਾਪਣ ਦੇ ਯੋਗ ਬਣਾ ਰਿਹਾ ਹੈ।ਪ੍ਰਮੇਸ਼ਵਰ ਤੁਹਾਡੇ ਵਿੱਚੋਂ ਹਰ ਇੱਕ ਨੂੰ ਭਰਪੂਰ ਅਸੀਸ ਦੇਵੇਗਾ ਜੋ ਇਸ ਸੇਵਕਾਈ ਲਈ ਪ੍ਰਾਰਥਨਾ ਕਰਦੇ ਅਤੇ ਸਮਰਥਨ ਕਰਦੇ ਹੋ। ਵੱਖੋ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕ ਇਨ੍ਹਾਂ ਮੈਗਜ਼ੀਨਾਂ ਨੂੰ ਪੜ੍ਹਕੇ ਪ੍ਰਮੇਸ਼ਵਰ ਦੇ ਪਿਆਰ ਦੁਆਰਾ ਛੂਹੇ ਜਾਂਦੇ ਹਨ।

### ਨਹਮਯਾਹ ਰਿਹਾਇਸ਼ੀ ਬਾਈਬਲ ਕਾਲਜ (ਹਿੰਦੀ)

ਪੁਰਸ਼ਾਂ ਲਈ ਸਾਡੇ ਰਿਹਾਇਸ਼ੀ ਬਾਈਬਲ ਕਾਲਜ (ਹਿੰਦੀ) ਲਈ ਸਾਨੂੰ ਕੁਝ ਹੋਰ ਵਿਦਿਆਰਥੀਆਂ ਦੀ ਲੋੜ ਹੈ। ਕਲਾਸਾਂ 6 ਜੂਨ, 2022 ਤੋਂ ਸ਼ੁਰੂ ਹੋਣਗੀਆਂ। ਅਸੀਂ ਵਜੀਫ਼ੇ ਵਜੋਂ ਯੋਗ ਵਿਦਿਆਰਥੀਆਂ ਨੂੰ ਸਿੱਖਿਆ, ਭੋਜਨ ਅਤੇ ਰਿਹਾਇਸ਼ ਮੁਫ਼ਤ ਪ੍ਰਦਾਨ ਕਰਦੇ ਹਾਂ। ਕਿਰਪਾ ਕਰਕੇ ਇਸ ਜਾਣਕਾਰੀ ਨੂੰ ਸਿੱਧੇ ਜਾਂ ਚਿੱਠੀਆਂ ਜਾਂ ਵਟਸਐਪ ਰਾਹੀਂ ਆਪਣੇ ਦੋਸਤਾਂ ਅਤੇ ਪ੍ਰਾਰਥਨਾ ਸਹਿਭਾਗੀਆਂ ਨਾਲ ਸਾਂਝਾ ਕਰੋ। ਅਸੀਂ ਇੱਕ ਸਾਲ ਦਾ ਸਰਟੀਫਿਕੇਟ ਕੋਰਸ ਅਤੇ ਦੋ ਸਾਲਾਂ ਦਾ ਡਿਪਲੋਮਾ ਕੋਰਸ ਵੀ ਕਰਾਉਂਦੇ ਹਾਂ। ਸਾਡੇ ਨਹਮਯਾਹ ਬਾਈਬਲ ਡਿਪਲੋਮਾ ਕਾਲਜ ਨੂੰ ਏਟੀਏ (ਏਸ਼ੀਆ ਥੀਓਲੋਜੀਕਲ ਐਸੋਸੀਏਸ਼ਨ) ਦੁਆਰਾ ਮੈਂਬਰਸ਼ਿਪ ਲਈ ਰਜਿਸਟਰਡ ਉਮੀਦਵਾਰ ਦਾ ਦਰਜਾ ਦਿੱਤਾ ਗਿਆ ਹੈ। ਇਹ ਸੰਗਠਨ ਦੁਨੀਆ ਭਰ ਵਿੱਚ, ਬਾਈਬਲ ਕਾਲਜਾਂ ਲਈ ਇੱਕ ਮਾਨਤਾ ਦੇਣ ਵਾਲੀ ਏਜੰਸੀ ਹੈ।

### ਨਹਮਯਾਹ ਈਵਨਿੰਗ ਬਾਈਬਲ ਕਾਲਜ (ਤਾਮਿਲ)

ਸਾਡਾ ਈਵਨਿੰਗ ਬਾਈਬਲ ਕਾਲਜ (ਤਾਮਿਲ) ਵੀ ਬਹੁਤ ਵਧੀਆ ਢੰਗ ਨਾਲ ਕੰਮ ਕਰ ਰਿਹਾ ਹੈ। ਇਹ ਕਾਲਜ ਵੀ 6 ਜੂਨ, 2022 ਨੂੰ ਦੁਬਾਰਾ ਖੁੱਲ੍ਹੇਗਾ। ਸਾਨੂੰ ਪੁਰਸ਼ਾਂ ਅਤੇ ਔਰਤਾਂ ਦੋਵਾਂ ਲਈ ਵਧੇਰੇ ਯੋਗ ਵਿਦਿਆਰਥੀਆਂ ਦੀ ਲੋੜ ਹੈ। ਅਸੀਂ ਇੱਕ ਸਾਲ ਦਾ ਸਰਟੀਫਿਕੇਟ ਕੋਰਸ ਅਤੇ ਦੋ ਸਾਲਾਂ ਦਾ ਡਿਪਲੋਮਾ ਕੋਰਸ ਪੜ੍ਹਾਉਂਦੇ ਹਾਂ।

### ਨਹਮਆਹ ਬਾਈਬਲ ਕਾਲਜ ਲਾਇਬ੍ਰੇਰੀ

ਪ੍ਰਮਾਤਮਾ ਦੀ ਕਿਰਪਾ ਨਾਲ ਅਸੀਂ ਨਹਮਯਾਹ ਬਾਈਬਲ ਕਾਲਜ ਲਾਇਬ੍ਰੇਰੀ ਨਾਲ ਸਬੰਧਤ ਕਿਤਾਬਾਂ ਨੂੰ ਕੰਪਿਊਟਰ ਵਿੱਚ ਅੱਪਲੋਡ ਕਰ ਰਹੇ ਹਾਂ। ਸਾਡੇ ਕੋਲ ਲਗਭਗ 7,000 ਕਿਤਾਬਾਂ ਹਨ। ਇਨ੍ਹਾਂ ਕਿਤਾਬਾਂ ਨੂੰ ਸਹੀ ਢੰਗ ਨਾਲ ਕੰਪਿਊਟਰਾਈਜ਼ ਕਰਨ ਲਈ ਸਾਡੇ ਸਾਹਮਣੇ ਬਹੁਤ ਸਾਰਾ ਕੰਮ ਅਤੇ ਖਰਚਾ ਹੈ। ਇਹ ਕੰਮ ਸਾਡੀ ਸਮਰੱਥਾ ਤੋਂ ਬਾਹਰ ਜਾਪਦਾ ਹੈ। ਸਾਨੂੰ ਵਿਸ਼ਵਾਸ ਹੈ ਕਿ ਸਾਡਾ ਪ੍ਰਮੇਸ਼ਵਰ ਸਾਨੂੰ ਇਸ ਕੰਮ ਲਈ ਹੋਰ ਫੰਡ ਪ੍ਰਦਾਨ ਕਰੇਗਾ। ਮੇਰਾ ਪ੍ਰਮੇਸ਼ਵਰ ਮਸੀਹ ਯਿਸੂ ਦੁਆਰਾ ਆਪਣੀ ਮਹਿਮਾ ਵਿੱਚ ਧਨ ਦੇ ਅਨੁਸਾਰ ਤੁਹਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰੇਗਾ (ਫ਼ਿਲਿੱਪੀਆਂ 4:19)।

### ਨਹਮਆਹ ਬਾਈਬਲ ਕਾਲਜਾਂ ਦੇ ਅਕਾਦਮਿਕ ਸਾਲ 2021-2022 ਲਈ ਗ੍ਰੈਜੂਏਸ਼ਨ ਸੇਵਾ

ਪ੍ਰਮੇਸ਼ਵਰ ਦੀ ਕਿਰਪਾ ਸਦਕਾ, ਸਾਡੇ ਬਾਈਬਲ ਕਾਲਜਾਂ ਦੇ ਅਕਾਦਮਿਕ ਸਾਲ 2021-2022 ਲਈ ਗ੍ਰੈਜੂਏਸ਼ਨ ਸੇਵਾ, ਬਲਾਰ ਕਾਲਵੀ ਨਿਲਯਮ, ਵੇਪੇਰੀ, ਪੁਰਸਾਵਾਲਕਮ, ਚੇਨਈ-7 ਵਿਖੇ 03.06.2022 ਦਿਨ ਸ਼ੁੱਕਰਵਾਰ ਨੂੰ ਸ਼ਾਮ 5 ਵਜੇ ਹੋਵੇਗੀ। ਅਸੀਂ ਤੁਹਾਡੀਆਂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਾਂ। ਜੇਕਰ ਤੁਸੀਂ ਉਸ ਦਿਨ ਚੇਨਈ ਵਿੱਚ ਹੋ, ਤਾਂ ਕਿਰਪਾ ਕਰਕੇ ਜ਼ਰੂਰ ਆਓ।

### ਸੁਸਮਾਚਾਰ ਲੈ ਕੇ ਉੱਤਰੀ ਭਾਰਤ ਵਿੱਚ ਪਹੁੰਚਣਾ

ਅੁੱਤਰੀ ਭਾਰਤ ਵਿੱਚ ਰਹਿੰਦੇ ਵਾਲੇ ਵੱਖ-ਵੱਖ ਭਾਸ਼ਾਵਾਂ ਬੋਲਣ ਵਾਲੇ ਲੋਕਾਂ ਨੂੰ ਸੁਸਮਾਚਾਰ ਦੇ ਕੇ ਉਨ੍ਹਾਂ ਦੀ ਮਦਦ ਕਰਨਾ ਲੰਬੇ ਸਮੇਂ ਤੋਂ ਸਾਡੀ ਦਿਲੀ ਇੱਛਾ ਅਤੇ ਮਿਸ਼ਨ ਰਿਹਾ ਹੈ। ਸਾਡੇ ਨਹਮਆਹ ਹਿੰਦੀ ਬਾਈਬਲ ਕਾਲਜ ਵਿੱਚ ਬਹੁਤ ਸਾਰੇ ਵਿਦਿਆਰਥੀਆਂ ਨੂੰ ਲਿਆਉਣ ਲਈ ਮੈਂ ਉੜੀਸਾ ਰਾਜ ਵਿੱਚ ਰਾਏਗੜ, ਪਰਾਲਖੇਮੁੰਡੀ ਅਤੇ ਕੰਦਾਮਲ ਵਰਗੀਆਂ ਥਾਵਾਂ 'ਤੇ ਸਿੱਧੇ ਜਾਣ ਦਾ ਇਰਾਦਾ ਰੱਖਦਾ ਹਾਂ। ਭਾਵੇਂ ਇਹ ਮੇਰੇ ਲਈ ਔਖਾ ਹੈ ਪਰ ਮੈਂ ਜ਼ਰੂਰ ਜਾਣਾ ਚਾਹੁੰਦਾ ਹਾਂ। ਸਾਡੇ ਕੋਲ ਸਿਰਫ ਇੱਕ ਹੀ ਜੀਵਨ ਹੈ। ਆਓ ਅਸੀਂ

ਇਹ ਜੀਵਨ, ਯਿਸੂ ਸਾਡੇ ਪ੍ਰਭੂ ਪਰਮੇਸ਼ੁਰ ਨੂੰ ਦੇਈਏ।

## ਸੇਂਟ ਪਾਲ ਮੈਟ੍ਰਿਕੂਲੇਸ਼ਨ ਸਕੂਲ

ਸੇਂਟ ਪਾਲ ਮੈਟ੍ਰਿਕੂਲੇਸ਼ਨ ਸਕੂਲ ਬਹੁਤ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ। ਮਿੰਨੀ ਬੱਸ ਜਿਸ ਦੀ ਵਰਤੋਂ ਬੱਚਿਆਂ ਨੂੰ ਉਨ੍ਹਾਂ ਦੇ ਘਰਾਂ ਤੋਂ ਸਕੂਲ ਲਿਜਾਣ ਅਤੇ ਉਨ੍ਹਾਂ ਨੂੰ ਘਰ ਵਾਪਸ ਲਿਜਾਣ ਲਈ ਕੀਤੀ ਜਾਂਦੀ ਹੈ, ਨੂੰ ਮੁਰੰਮਤ ਦੀ ਲੋੜ ਹੈ। ਇਹ ਹੁਣ ਵਰਤੋਂ ਯੋਗ ਸਥਿਤੀ ਵਿੱਚ ਨਹੀਂ ਹੈ। ਸਾਨੂੰ ਇੱਕ ਨਵਾਂ ਵਾਹਨ ਖਰੀਦਣ ਦੀ ਲੋੜ ਹੈ। ਕਿਰਪਾ ਕਰਕੇ ਪ੍ਰਾਰਥਨਾ ਕਰੋ ਕਿ ਪ੍ਰਮੇਸ਼ਵਰ ਲੋੜੀਂਦੇ ਪੈਸੇ ਮੁਹੱਈਆ ਕਰੇ। ਜੇਕਰ ਪ੍ਰਮੇਸ਼ਵਰ ਦੀ ਰਜ਼ਾ ਹੋਵੇ ਤਾਂ ਇਹ ਸਕੂਲ 13 ਜੂਨ ਦਿਨ ਸੋਮਵਾਰ ਨੂੰ ਮੁੜ ਖੁੱਲੇਗਾ। ਪ੍ਰਮੇਸ਼ਵਰ ਦੀ ਕਿਰਪਾ ਨਾਲ ਇਸ ਸਕੂਲ ਨੂੰ ਤਾਮਿਲਨਾਡੂ ਸਰਕਾਰ ਦੁਆਰਾ ਇੱਕ ਹਾਈ ਸਕੂਲ ਵਜੋਂ ਕੰਮ ਕਰਨ ਲਈ ਮਾਨਤਾ ਪ੍ਰਾਪਤ ਹੋਈ ਹੈ। ਭਾਰਤ ਸਰਕਾਰ ਨੇ ਵੀ ਇਸ ਸਕੂਲ ਨੂੰ ਈਸਾਈ ਘੱਟ ਗਿਣਤੀ ਸੰਸਥਾ ਦਾ ਦਰਜਾ ਦਿੱਤਾ ਹੈ।

ਕਿਰਪਾ ਕਰਕੇ ਆਪਣੀਆਂ ਪ੍ਰਾਰਥਨਾਵਾਂ ਵਿੱਚ ਸਾਡੀਆਂ ਬਹੁਤ ਮਹੱਤਵਪੂਰਨ ਸੇਵਕਾਈਆਂ ਜਿਵੇਂ ਕਿ ਪੋਸਟਲ ਬਾਈਬਲ ਕੋਰਸ, ਗੌਸਪਲ ਪ੍ਰੈੱਸ, ਚਰਚ, ਆਊਟਰੀਚ ਮੀਟਿੰਗਾਂ ਅਤੇ ਸਮਾਜਿਕ ਸੇਵਾਵਾਂ ਨੂੰ ਵੀ ਯਾਦ ਰੱਖੋ।

ਮੈਂ ਅਤੇ ਮੇਰਾ ਪਰਿਵਾਰ ਚੰਗੀ ਸਿਹਤ ਵਿੱਚ ਹਾਂ। ਕਿਰਪਾ ਕਰਕੇ ਸਾਡੇ ਸਹਿ-ਕਰਮੀਆਂ ਬ੍ਰ. ਮੈਨੂਅਲ ਐਮ. ਪੌਲਰਾਜ, ਪਾਸਟਰ ਐਮ. ਮੁੱਥੂ ਅਤੇ ਬ੍ਰ ਇਲਾਂਗੋਵਨ ਨੂੰ, ਜੋ ਕਿ ਬਿਮਾਰ ਹਨ ਤੁਹਾਡੀਆਂ ਪ੍ਰਾਰਥਨਾਵਾਂ ਵਿੱਚ ਯਾਦ ਰੱਖੋ।

ਪ੍ਰਮਾਤਮਾ ਤੁਹਾਨੂੰ ਭਰਪੂਰੀ ਨਾਲ ਅਸੀਸ ਦੇਵੇ ਕਿਉਂਕਿ ਤੁਸੀਂ ਬੁਲਾਵੇ ਦੀ ਗੂੰਜ ਸੇਵਕਾਈਆਂ ਨੂੰ ਪਿਆਰ ਕਰਦੇ ਹੋ ਅਤੇ ਵਿੱਤੀ ਸਹਾਇਤਾ ਕਰਦੇ ਹੋ। ਅਸੀਂ ਤੁਹਾਡੇ ਲਈ ਦਿਲੋਂ ਪ੍ਰਾਰਥਨਾ ਕਰਦੇ ਹਾਂ। ਜੇਕਰ ਪਵਿੱਤਰ ਆਤਮਾ ਤੁਹਾਡੇ ਨਾਲ ਗੱਲ ਕਰਦਾ ਹੈ ਕਿ ਇਹ ਸਾਰੀਆਂ ਸੇਵਕਾਈ ਸਿਰਫ਼ ਪਰਮੇਸ਼ੁਰ ਦੇ ਰਾਜ ਨੂੰ ਵਧਾਉਣ ਲਈ ਕੀਤੀਆਂ ਜਾਂਦੀਆਂ ਹਨ ਤਾਂ ਕਿਰਪਾ ਕਰਕੇ ਆਪਣੀਆਂ ਭੇਟਾਂ ਭੇਜੋ ਅਤੇ ਇਸ ਸੇਵਕਾਈ ਦੀ ਮਦਦ ਕਰੋ। ਪ੍ਰਭੂ ਤੁਹਾਨੂੰ ਜ਼ਰੂਰ ਅਸੀਸ ਦੇਵੇਗਾ।

ਸ਼ਾਡੇ ਕੋਲ ਇਸ ਗੱਲ ਦੀਆਂ ਬਹੁਤ ਸਾਰੀਆਂ ਗਵਾਹੀਆਂ ਹਨ ਕਿ ਕਿਵੇਂ ਪ੍ਰਭੂ ਨੇ ਸਾਨੂੰ ਬਹੁਤ ਸਾਰੇ ਦੁੱਖਾਂ ਅਤੇ ਸਮੱਸਿਆਵਾਂ ਵਿੱਚੋਂ ਕੱਢਿਆ ਜਿਨ੍ਹਾਂ ਨੂੰ ਖੁੱਲ੍ਹ ਕੇ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਕਰਕੇ ਸਾਡੇ ਲਈ ਪ੍ਰਾਰਥਨਾ ਕਰਨਾ ਜਾਰੀ ਰੱਖੋ। ਪ੍ਰਮੇਸ਼ਵਰ ਦੀ ਕਿਰਪਾ ਤੁਹਾਡੇ ਨਾਲ ਹੋਵੇ।

ਪ੍ਰਭੂ ਯਿਸੂ ਵਿੱਚ ਤੁਹਾਡੇ ਭਰਾ ਅਰ ਸੇਵਕ,

ਪਾ: ਐੱਸ. ਸੈਮ ਸੇਲਵਾ ਰਾਜ ਅਲੈਕਸ ਸੈਮਸਨ ਸੈਮ।

(+91) 98412 71858 / 98410 71858,

E.mail : samselvaraj333@gmail.com

(ਚਲਦਾ ਸਫਾ 1 ਤੋਂ)

ਕਿਸੇ ਦੁੱਖ ਦੇ ਜੀਵਨ ਜੀਉਂਦੇ ਹਨ, ਉਹ ਪ੍ਰਭੂ ਦੀ ਅਵਾਜ਼ ਨਹੀਂ ਸੁਣਦੇ। ਜਦੋਂ ਅਸੀਂ ਨਿਰਾਸ਼ ਮਹਿਸੂਸ ਕਰਦੇ ਹਾਂ ਅਤੇ ਦੁੱਖਾਂ ਦਾ ਅਨੁਭਵ ਕਰਦੇ ਹਾਂ ਕਿ ਅਸੀਂ ਪ੍ਰਭੂ ਦੀ ਆਵਾਜ਼ ਸੁਣ ਸਕਦੇ ਹਾਂ ਅਤੇ ਉਸਦੀ ਛੋਹ ਨੂੰ ਮਹਿਸੂਸ ਕਰ ਸਕਦੇ ਹਾਂ। ਜਦੋਂ ਕਿ ਸਾਡੀ ਅਨੁਕੂਲ ਸਥਿਤੀ ਦੇ ਸਮੇਂ ਪ੍ਰਭੂ ਦੀ ਆਵਾਜ਼ ਸੁਣਨਾ ਬਹੁਤ ਦੁਰਲਭ ਹੁੰਦਾ ਹੈ। ਇਸ ਲਈ ਪ੍ਰਭੂ ਆਖਦਾ ਹੈ, "ਧੰਨ ਹਨ ਉਹ ਜੋ ਸੋਗ ਕਰਦੇ ਹਨ"।

ਪੌਲੁਸ ਰਸੂਲ ਦਰਦ ਵਿੱਚ ਸੀ ਅਤੇ ਉਸ ਨੇ ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕੀਤੀ ਕਿ ਉਹ ਉਸ ਦੁੱਖ ਨੂੰ ਉਸਦੇ ਸਰੀਰ ਵਿੱਚੋਂ ਕੱਢ ਦੇਵੇ। ਪਰ ਪਰਮੇਸ਼ੁਰ ਨੇ ਕਿਹਾ, "ਮੇਰੀ ਕਿਰਪਾ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ ਸਮਰੱਥਾ ਕਮਜ਼ੋਰੀ ਵਿੱਚ ਪੂਰੀ ਹੁੰਦੀ ਹੈ" (2 ਕੁਰਿੰਥੀਆਂ 12:9)। ਪੌਲੁਸ ਸੁਖੀ ਅਤੇ ਸੰਤੁਸ਼ਟ ਜੀਵਨ ਜੀ ਸਕਦਾ ਸੀ। ਪਰ ਉਹ ਅਜਿਹਾ ਜੀਵਨ ਨਹੀਂ ਚਾਹੁੰਦਾ ਸੀ ਜੋ ਪ੍ਰਭੂ ਦੀ ਛੋਹ ਨੂੰ ਮਹਿਸੂਸ ਨਹੀਂ ਕਰਦਾ ਜਾਂ ਉਸਦੀ ਆਵਾਜ਼ ਨਹੀਂ ਸੁਣਦਾ। ਉਸ ਨੇ ਦੁੱਖ ਦੀ ਜ਼ਿੰਦਗੀ ਨੂੰ ਤਰਜੀਹ ਦਿੱਤੀ ਜਿਸ ਵਿੱਚ ਉਹ ਪ੍ਰਭੂ ਦੀ ਅਵਾਜ਼ ਸੁਣ ਸਕਦਾ ਸੀ ਅਰ ਉਸ ਨੇ ਅਜਿਹੇ ਜੀਵਨ ਨੂੰ ਹੀ ਜੀਣਾ ਚਾਹੁੰਦਾ ਸੀ.. ਉਹ ਆਖਦਾ ਹੈ, "ਮੈਂ ਕਿਸੇ ਵੀ ਤਰੀਕੇ ਨਾਲ ਮੁਰਦਿਆਂ ਵਿੱਚੋਂ ਜੀ ਉੱਠਣ ਤੱਕ ਅੱਪੜਾਂ" (ਫ਼ਿਲਿੱਪੀਆਂ 3:11)।

ਮੂਸਾ ਬਾਰੇ ਬਾਈਬਲ ਆਖਦੀ ਹੈ, "ਨਿਹਚਾ ਨਾਲ ਮੂਸਾ ਨੇ, ਜਦ ਵੱਡਾ ਹੋਇਆ, ਫ਼ਿਰਊਨ ਦੀ ਧੀ ਦਾ ਪੁੱਤਰ ਕਹਾਉਣ ਤੋਂ ਇਨਕਾਰ ਕੀਤਾ, ਕਿਉਂ ਜੋ ਉਹ ਨੇ ਪਾਪ ਦੇ ਭੋਗ ਵਿਲਾਸ ਨਾਲੋਂ ਪਰਮੇਸ਼ੁਰ ਦੇ ਲੋਕਾਂ ਨਾਲ ਦੁੱਖ ਝੱਲਣ ਨੂੰ ਪਸੰਦ ਕੀਤਾ। ਉਹ ਨੇ ਵਿਚਾਰ ਕੀਤਾ ਕਿ ਮਸੀਹ ਲਈ ਨਿੰਦਿਆ ਜਾਣਾ ਮਿਸਰ ਦੇ ਖਜ਼ਾਨਿਆਂ ਨਾਲੋਂ ਵੱਡਾ ਧਨ ਹੈ; ਕਿਉਂਕਿ ਫਲ ਵੱਲ ਉਹ ਦਾ ਧਿਆਨ ਸੀ ਇਨਾਮ ਵੱਲ ਵੇਖਦਾ ਸੀ" (ਇਬਰਾਨੀਆਂ 11:24-26)।

ਜਦੋਂ ਅਸੀਂ ਵੱਡੀ ਮੁਸੀਬਤ ਵਿੱਚ ਹੁੰਦੇ ਹਾਂ ਅਸੀਂ ਇਸ ਵਿੱਚੋਂ ਬਾਹਰ ਨਿਕਲਣਾ ਚਾਹੁੰਦੇ ਹਾਂ। ਪਰ ਅਜਿਹੇ ਮੌਕਿਆਂ 'ਤੇ ਆਪਣੀ ਤਾਕਤ 'ਤੇ ਨਿਰਭਰ ਰਹਿਣ ਦੀ ਬਜਾਏ, ਜੇਕਰ ਅਸੀਂ ਪ੍ਰਮੇਸ਼ਵਰ 'ਤੇ ਭਰੋਸਾ ਕਰੀਏ, ਤਾਂ ਅਸੀਂ ਪ੍ਰਭੂ ਦੀ ਛੋਹ ਨੂੰ ਜ਼ਰੂਰ ਮਹਿਸੂਸ ਕਰ ਸਕਦੇ ਹਾਂ। ਜੇ ਅਸੀਂ ਧੀਰਜ ਨਾਲ ਉਨ੍ਹਾਂ ਦਾ ਸਾਹਮਣਾ ਕਰੀਏ ਤਾਂ ਅਸੀਂ ਨਿਸ਼ਚਤ ਤੌਰ 'ਤੇ ਬਹੁਤ ਸਾਰੀਆਂ ਤਬਦੀਲੀਆਂ ਅਤੇ ਬਰਕਤਾਂ ਨੂੰ ਵੇਖਾਂਗੇ। ਭਜਨਕਾਰ ਦਾਊਦ ਜਦੋਂ ਵੀ ਮੁਸ਼ਕਿਲਾਂ ਨਾਲ ਘਿਰਿਆ ਉਹ ਪ੍ਰਮੇਸ਼ਵਰ ਦੇ ਘਰ ਵਿੱਚ ਗਿਆ ਅਰ ਬੇਨਤੀ ਕੀਤੀ। ਹੈਕਲ ਵਿੱਚ ਉਹ ਪ੍ਰਭੂ ਦੀ ਹਜ਼ੂਰੀ ਨੂੰ ਲੋਚਦਾ ਸੀ ਅਰ ਉਸੇ ਹਜ਼ੂਰੀ ਕਰਕੇ ਉਹ ਮੁਸੀਬਤਾਂ ਵਿੱਚ ਸੰਭਲਿਆ ਰਿਹਾ। ਪ੍ਰਭੂ ਨੇ ਉਸਨੂੰ ਸਾਰੀਆਂ ਮੁਸ਼ਕਲਾਂ ਤੋਂ ਛੁਟਕਾਰਾ ਦਿੱਤਾ। ਪ੍ਰਭੂ ਨੇ ਉਸਨੂੰ ਅਸੀਸ ਦਿੱਤੀ, ਉਸਨੂੰ ਦਿਲਾਸਾ ਦਿੱਤਾ ਅਤੇ ਉਸਦੇ ਸਾਰੇ ਦੁੱਖਾਂ ਨੂੰ ਖੁਸ਼ੀ ਵਿੱਚ ਬਦਲ ਦਿੱਤਾ। ਪ੍ਰਭੂ ਦੇ ਪਿਆਰੇ ਬੱਚਿਓ, ਕੀ ਤੁਸੀਂ ਬਿਪਤਾ ਵਿੱਚ ਹੋ? ਆਪਣੀਆਂ ਮੁਸ਼ਕਲਾਂ ਵਿੱਚੋਂ ਬਾਹਰ ਨਿਕਲਣ ਲਈ, ਪ੍ਰਭੂ ਤੋਂ ਬਾਹਰ ਰਸਤੇ ਨਾ ਲੱਭੋ। ਅਜਿਹੇ ਕਿਸੇ ਵੀ ਸਾਧਨ ਦਾ ਇਸਤੇਮਾਲ ਨਾ ਕਰੋ। ਦੁਨਿਆਵੀ ਤਰੀਕਿਆਂ ਦਾ ਪਾਲਣ ਕਰਨ ਦਾ ਨਤੀਜਾ ਤੁਹਾਨੂੰ ਵੱਡੇ ਖ਼ਤਰਿਆਂ, ਮੁਸੀਬਤਾਂ ਅਤੇ ਅਸਫਲਤਾਵਾਂ ਵੱਲ ਲੈ ਜਾਵੇਗਾ। ਕਿਰਪਾ ਕਰਕੇ ਇਸ ਨੂੰ ਪਵਿੱਤਰ ਆਤਮਾ ਦੀ ਆਵਾਜ਼ ਸਮਝੋ ਜੋ ਤੁਹਾਨੂੰ ਦੱਸਦੀ ਹੈ ਕਿ ਜੇਕਰ ਤੁਸੀਂ ਆਪਣੇ ਸਾਰੇ ਪਰਿਵਾਰ, ਵਿੱਤੀ ਸਥਿਤੀ, ਸਿਰਲੇਖ, ਪਛਾਣ ਅਤੇ ਬਹੁਤ ਮਹੱਤਵਪੂਰਨ ਤੁਹਾਡੀ ਸੇਵਕਾਈ ਵਿੱਚੋਂ ਪ੍ਰਭੂ 'ਤੇ ਭਰੋਸਾ ਰੱਖ ਸਕਦੇ ਹੋ, ਤਾਂ ਉਹ ਜ਼ਰੂਰ ਤੁਹਾਡੀਆਂ ਇੱਛਾਵਾਂ ਨੂੰ ਪੂਰਾ ਕਰੇਗਾ। ਇਸ ਲਈ ਧਿਆਨ ਨਾਲ ਸੁਣੋ। ਇਸ ਕੰਮ ਲਈ ਸਭ ਤੋਂ ਵਧੀਆ ਜਗ੍ਹਾ ਤੁਹਾਡਾ ਚਰਚ ਹੈ। ਕਿਰਪਾ ਕਰਕੇ ਆਪਣੇ ਚਰਚ ਅਤੇ ਪਾਦਰੀ ਦਾ ਸਨਮਾਨ ਕਰੋ। ਤੁਹਾਡੇ ਚਰਚ ਦੇ ਅੰਦਰ ਵਿਆਪਕ ਤੌਰ 'ਤੇ ਸਿਹਤਮੰਦ ਅਸੀਸਾਂ ਅਤੇ ਸਿਹਤਮੰਦ ਖੁਸ਼ੀਆਂ ਜੁੜੀਆਂ ਹੋਈਆਂ ਹਨ। "ਆਪਸ ਵਿੱਚ ਇਕੱਠੇ ਹੋਣ ਨੂੰ ਨਾ ਛੱਡੀਏ, ਜਿਵੇਂ ਕਈਆਂ ਦਾ ਦਸਤੂਰ ਹੈ ਸਗੋਂ ਇੱਕ ਦੂਜੇ ਨੂੰ ਉਪਦੇਸ਼ ਕਰੀਏ ਅਤੇ ਇਹ ਉਨਾਂ ਹੀ ਵਧੀਕ ਹੋਵੇ ਜਿੰਨਾ ਤੁਸੀਂ ਉਸ ਦਿਨ ਨੂੰ ਨੇੜੇ ਆਉਂਦਾ ਵੇਖਦੇ ਹੋ।" (ਇਬਰਾਨੀਆਂ 10:25)।

### ✦ 1. ਉਦਾਸੀ ਕਾਰਨ ਜਾਨ ਢਲ ਜਾਂਦੀ ਹੈ! ✦

"ਮੇਰੀ ਜਾਨ ਉਦਾਸੀ ਦੇ ਕਾਰਨ ਢਲ ਗਈ ਹੈ; ਆਪਣੇ ਬਚਨ ਦੇ ਅਨੁਸਾਰ ਮੈਨੂੰ ਦ੍ਰਿੜ ਕਰ" (ਜ਼ਬੂਰ 119:28)।

ਕੋਈ ਵੀ ਵਿਅਕਤੀ ਆਪਣੀ ਨਿਰਾਸ਼ਾ ਦੇ ਕਾਰਨ ਹਮੇਸ਼ਾ ਲਈ ਆਪਣਾ ਕੱਦ ਵਧਾ ਜਾਂ ਘਟਾ ਨਹੀਂ ਸਕਦਾ ਸੀ। ਉਸੇ ਤਰਾਂ ਅਸੀਂ ਦੁੱਖਾਂ ਦੇ ਸਮੇਂ ਚਿੰਤਾ ਕਰਨ ਤੋਂ ਬਚ ਨਹੀਂ ਸਕਦੇ।

ਦਾਊਦ ਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ - ਪਹਿਲਾਂ ਆਪਣੇ ਸਹੁਰੇ, ਰਾਜਾ ਸ਼ਾਊਲ ਦੁਆਰਾ, ਫਿਰ ਉਸਦੇ ਪੁੱਤਰ, ਅਬਸ਼ਾਲੋਮ ਦੁਆਰਾ ਅਤੇ ਕਈ ਵਾਰ ਦੂਜੇ ਦੇਸ਼ਾਂ ਦੇ ਲੋਕਾਂ ਅਤੇ ਰਾਜਿਆਂ ਦੁਆਰਾ। ਪਰ ਕਿਉਂਕਿ

ਉਸਨੇ ਆਪਣੇ ਪਰਮੇਸ਼ੁਰ ਉੱਤੇ ਭਰੋਸਾ ਰੱਖਿਆ ਜਿਸਨੇ ਉਸਨੂੰ ਬੁਲਾਇਆ ਸੀ, ਅਤੇ ਉਸਦੇ ਸਾਰੇ ਦੁੱਖਾਂ ਅਤੇ ਮੁਸੀਬਤਾਂ ਨੂੰ ਵੱਡੀ ਖੁਸ਼ੀ ਵਿੱਚ ਬਦਲ ਦਿੱਤਾ!

ਸਾਡੇ ਵਿੱਚੋਂ ਕਈਆਂ ਨੂੰ ਵੀ ਅਜਿਹੇ ਔਖੇ ਸਮੇਂ ਵਿੱਚੋਂ ਲੰਘਣਾ ਪੈਂਦਾ ਹੈ। ਕਈਆਂ ਦਾ ਦਿਲ ਟੁੱਟ ਜਾਂਦਾ ਹੈ ਅਤੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਦੇ ਹਨ। ਜੇ ਅਸੀਂ ਸਲਾਹ ਲੈਣ ਲਈ ਸਿਰਫ਼ ਆਦਮੀਆਂ ਵੱਲ ਮੁੜਦੇ ਹਾਂ, ਤਾਂ ਉਹ ਸਾਨੂੰ ਧੋਖਾ ਦੇ ਸਕਦੇ ਹਨ। ਕੁਝ ਸਾਨੂੰ ਗੁੰਮਰਾਹ ਕਰ ਸਕਦੇ ਹਨ। ਚਿੰਤਾਵਾਂ ਅਤੇ ਹੰਝੂ ਵਹਾਉਣ ਦੇ ਵਿਚਕਾਰ, ਜੇਕਰ ਅਸੀਂ ਪ੍ਰਭੂ 'ਤੇ ਪੂਰਾ ਭਰੋਸਾ ਰੱਖੀਏ ਅਤੇ ਵਿਸ਼ਵਾਸ ਰੱਖੀਏ ਤਾਂ ਉਹ ਯਕੀਨੀ ਤੌਰ 'ਤੇ ਅਤੇ ਬਿਨਾਂ ਸ਼ਰਤ ਸਾਨੂੰ ਦੁੱਖਾਂ ਤੋਂ ਬਾਹਰ ਕੱਢੇਗਾ ਅਤੇ ਸਾਨੂੰ ਦਿਲਾਸਾ ਦੇਵੇਗਾ। "ਤੂੰ ਤਾਂ ਗਰੀਬ ਲਈ ਗੜ੍ਹ ਹੋਇਆ, ਕੰਗਾਲ ਲਈ ਉਹ ਦੇ ਕਸ਼ਟ ਵਿੱਚ ਵੀ ਗੜ੍ਹ ,ਵਾਛੜ ਤੋਂ ਪਨਾਹ, ਗਰਮੀ ਤੋਂ ਸਾਯਾ, ਕਿਉਂ ਜੋ ਡਰਾਉਣਿਆਂ ਦੀ ਫੂਕ ਕੰਧ ਉੱਪਰ ਦੀ ਵਾਛੜ ਵਾਂਗ ਹੈ" (ਯਸਾਯਾਹ 25:4)।

ਜਦੋਂ ਮੁਸੀਬਤਾਂ ਵਧ ਜਾਂਦੀਆਂ ਹਨ ਤਾਂ ਸਾਨੂੰ ਬਾਈਬਲ ਨੂੰ ਉੱਚੀ ਆਵਾਜ਼ ਵਿਚ ਪੜ੍ਹਨ ਵਿਚ ਜ਼ਿਆਦਾ ਸਮਾਂ ਬਿਤਾਉਣਾ ਚਾਹੀਦਾ ਹੈ। ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਪਰਮੇਸ਼ੁਰ ਤੋਂ ਇੱਕ ਸ਼ਾਨਦਾਰ ਛੁਟਕਾਰੇ ਦੀ ਉਮੀਦ ਕਰਨੀ ਚਾਹੀਦੀ ਹੈ। ਜਿਸ ਤਰ੍ਹਾਂ ਉਸਨੇ ਆਪਣੇ ਬੱਚਿਆਂ ਨੂੰ ਛੁਡਾਇਆ ਜਿਨ੍ਹਾਂ ਨੂੰ ਵੀ ਸਾਡੇ ਵਰਗਾ ਦੁੱਖ ਝੱਲਣਾ ਪਿਆ! ਯਕੀਨਨ ਪ੍ਰਭੂ ਤੁਹਾਡੇ ਜੀਵਨ ਵਿੱਚ ਉਸ ਤੋਂ ਵੀ ਵੱਡੀਆਂ ਚੀਜ਼ਾਂ ਕਰੇਗਾ। ਮੈਂ ਜੋ ਇਸ ਸੰਦੇਸ਼ ਦਾ ਪ੍ਰਚਾਰ ਕਰਦਾ ਹਾਂ, ਮੈਂ ਆਪਣੀਆਂ ਵੱਖੋ-ਵੱਖਰੀਆਂ ਮੁਸ਼ਕਲਾਂ ਦੇ ਦੌਰਾਨ, ਕੇਵਲ ਪ੍ਰਮੇਸ਼ਵਰ 'ਤੇ ਨਿਰਭਰ ਕਰਦਾ ਹਾਂ ਅਤੇ ਉਸ ਦੀਆਂ ਗੱਲਾਂ ਨੂੰ ਉੱਚੀ ਆਵਾਜ਼ ਵਿੱਚ ਪੜ੍ਹ ਕੇ ਪੂਰੀ ਸ਼ਰਧਾ ਨਾਲ ਉਨ੍ਹਾਂ ਉੱਤੇ ਧਿਆਨ ਕਰਦਾ ਹਾਂ। ਮੈਂ ਆਪਣੀ ਬਾਈਬਲ ਵਿਚ ਕੁਝ ਆਇਤਾਂ ਨੂੰ ਚਿੰਨ੍ਹਿਤ ਕੀਤਾ ਹੈ, ਜਿਨ੍ਹਾਂ ਤਾਰੀਖਾਂ 'ਤੇ ਮੈਂ ਪਰਮੇਸ਼ੁਰ ਦੀ ਆਵਾਜ਼ ਸੁਣੀ ਅਤੇ ਅਦਭੁੱਤ ਮਹਾਨ ਜਿੱਤਾਂ ਪ੍ਰਾਪਤ ਕੀਤੀਆਂ! ਜੇਕਰ ਤੁਸੀਂ ਵੀ ਅਜਿਹਾ ਕਰੋਗੇ ਤਾਂ ਜਿੱਤ ਯਕੀਨੀ ਹੈ!

## ✦ 2. ਅੱਖਾਂ ਨਾਸ਼ ਹੋ ਜਾਂਦੀਆਂ ਹਨ! ✦

"ਮੇਰੀਆਂ ਅੱਖਾਂ ਦੁੱਖ ਦੇ ਨਾਲ ਅੰਬ ਗਈਆਂ ਹਨ, ਹੇ ਯਹੋਵਾਹ ਮੈਂ ਨਿੱਤ ਤੈਨੂੰ ਪੁਕਾਰਿਆ, ਮੈਂ ਆਪਣੇ ਹੱਥ ਤੇਰੀ ਵੱਲ ਅੱਡੇ ਹੋਏ ਹਨ" (ਜ਼ਬੂਰ 88:9)

ਜ਼ਬੂਰਾਂ ਦਾ ਲਿਖਾਰੀ ਕਹਿੰਦਾ ਹੈ ਕਿ ਦੁੱਖਾਂ ਕਾਰਨ ਉਸ ਦੀਆਂ ਅੱਖਾਂ ਬਰਬਾਦ ਹੁੰਦੀਆਂ ਜਾਂਦੀਆਂ ਹਨ। ਜੇ ਕੋਈ ਬਹੁਤ ਉਦਾਸ ਹੈ, ਤਾਂ ਉਸ ਦੀ ਨਜ਼ਰ ਵਿਚ ਕਮੀ ਆਉਣ ਲਗਦੀ ਹੈ। ਉਦਾਸੀ ਵਿਅਕਤੀ ਨੂੰ ਬੇਹੋਸ਼ ਕਰ ਦਿੰਦੀ ਹੈ, ਸੋਚਣ ਦੀ ਸਮਰੱਥਾ ਨੂੰ ਘਟਾਉਂਦੀ ਹੈ, ਨੀਂਦ ਨਹੀਂ ਆਉਂਦੀ, ਯਾਦਦਾਸ਼ਤ ਘਟ ਜਾਂਦੀ ਹੈ ਅਤੇ ਭਵਿੱਖ ਦੀ ਉਮੀਦ ਖਤਮ ਹੋ ਜਾਂਦੀ ਹੈ। ਸਾਨੂੰ ਦੂਜਿਆਂ ਤੋਂ ਮਿਲਦੀ ਮਦਦ ਵੀ ਘਟ ਜਾਂਦੀ ਹੈ। ਅਸੀਂ ਅਜਿਹੀ ਸਥਿਤੀ ਵਿੱਚੋਂ ਬਾਹਰ ਆਉਣ ਲਈ ਕੀ ਕਰ ਸਕਦੇ ਹਾਂ? ਅਸੀਂ ਦੋ ਕੰਮ ਕਰ ਸਕਦੇ ਹਾਂ:

1) ਅਸੀਂ ਪ੍ਰਾਰਥਨਾ ਵਿੱਚ ਆਪਣੀ ਅਸਲ ਸਥਿਤੀ ਪ੍ਰਭੂ ਨੂੰ ਦੱਸ ਸਕਦੇ ਹਾਂ। "ਮੈਂ ਆਪਣੀ ਚਾਲ ਨੂੰ ਪਰਗਟ ਕੀਤਾ ਅਰ ਤੈਂ ਮੈਨੂੰ ਉੱਤਰ ਦਿੱਤਾ ਆਪਣੀਆਂ ਬਿਧੀਆਂ ਮੈਨੂੰ ਸਿਖਾਲ" (ਜ਼ਬੂਰ 119:26)। ਪ੍ਰਮੇਸ਼ਵਰ ਨਾਮ ਸਮਾਂ ਬਿਤਾਉਣਾ ਅਤੇ ਉਸ ਨਾਲ ਗੱਲ ਕਰਨਾ ਮਹਾਨ ਜਿੱਤਾਂ ਨੂੰ ਲਿਆਏਗਾ। ਪਰ ਅੱਜ-ਕੱਲ ਲੋਕ ਪ੍ਰਾਰਥਨਾ ਵਿੱਚ ਪਰਮੇਸ਼ੁਰ ਨਾਲ ਗੱਲ ਕੀਤੇ ਬਿਨਾਂ, ਦੁਨਿਆਵੀ ਲਾਭਾਂ, ਮਨੋਰੰਜਨ ਅਤੇ ਟੈਲੀਵਿਜ਼ਨ ਸ਼ੋਅ ਨੂੰ ਤਰਜੀਹ ਦਿੰਦੇ ਹੋਏ, ਆਪਣੇ ਕੰਮਾਂ ਅਤੇ ਚੀਜ਼ਾਂ ਵਿੱਚ ਜ਼ਿਆਦਾ ਸਮਾਂ ਬਿਤਾਉਂਦੇ ਹਨ।

ਅੱਜ ਦੇ ਈਸਾਈ ਟੈਲੀਵਿਜ਼ਨ ਪ੍ਰਚਾਰਕਾਂ ਨੇ ਬਹੁਤ ਸਾਰੇ ਆਤਮਿਕ ਈਸਾਈ ਵੀ ਆਲਸੀ ਅਤੇ ਸ਼ਿਥਲ ਬਣਾ ਦਿੱਤੇ ਹਨ। ਉਨ੍ਹਾਂ ਨੇ ਪ੍ਰਾਰਥਨਾ ਨਾ ਕਰਨ ਵਾਲੇ ਮਸੀਹੀ ਬਣਾ ਰਹੇ ਹਨ, ਨਾ ਕਿ ਪ੍ਰਾਰਥਨਾ ਕਰਨ ਵਾਲੇ, ਬਹੁਤ ਸਾਰੇ ਬਾਈਬਲ ਪੜ੍ਹਨ ਵਾਲੇ ਮਸੀਹੀ, ਬਾਈਬਲ ਪੜ੍ਹਨ ਲਈ ਤਿਆਰ ਨਹੀਂ ਹਨ। ਇਹ ਇੱਕ ਰਿਵਾਜ ਬਣ ਗਿਆ ਹੈ। ਪਰ ਤੁਸੀਂ ਇਨ੍ਹਾਂ ਮਸੀਹੀ ਪ੍ਰੋਗਰਾਮਾਂ ਨੂੰ ਵੇਖਣ ਤੋਂ ਬਾਦ ਟੀ.ਵੀ. ਨੂੰ ਬੰਦ ਕਰਕੇ ਪ੍ਰਾਰਥਨਾ ਕਰਨ ਬਾਈਬਲ ਪੜ੍ਹਨ ਅਤੇ ਮਨਨ ਕਰਨ ਵਿਚ ਸਮਾਂ ਬਿਤਾ ਸਕਦੇ ਹੋ। ਤੁਸੀਂ ਜ਼ਰੂਰ ਜਿੱਤ ਹਾਸਲ ਕਰੋਗੇ।ਜੇ ਤੁਸੀਂ ਇੰਨੇ ਲੰਬੇ ਘੰਟਿਆਂ ਲਈ ਸਵੇਰੇ ਪੰਜ ਵਜੇ ਤੋਂ ਟੀਵੀ ਪ੍ਰੋਗਰਾਮਾਂ ਨੂੰ ਦੇਖਣ ਵਿੱਚ ਆਪਣਾ ਸਾਰਾ ਸਮਾਂ ਬਿਤਾਉਂਦੇ ਹੋ ਤਾਂ ਤੁਸੀਂ ਨਿਸ਼ਚਤ ਤੌਰ 'ਤੇ ਅਸਫਲਤਾਵਾਂ ਦਾ ਸਾਹਮਣਾ ਕਰੋਗੇ! ਕਿਉਂਕਿ ਇਨ੍ਹਾਂ ਪ੍ਰੋਗਰਾਮਾਂ 'ਤੇ ਅਨੈਤਿਕ ਸਿਧਾਂਤਾਂ ਅਤੇ ਸੂਚਨਾਵਾਂ ਦੇ ਕਾਰਨ ਬਹੁਤ ਸਾਰੇ ਭੋਲੇ-ਭਾਲੇ ਲੋਕ ਧੋਖਾਧੜੀ ਦੇ ਭੰਬਲਭੂਸੇ ਵਿਚ ਫਸ ਜਾਂਦੇ ਹਨ। ਗਲਤ ਛੁਟਕਾਰੇ ਦਾ ਹਰ ਇੱਕ ਪ੍ਰਚਾਰਕ ਮੁਕਤੀ ਦੀ ਭਾਵਨਾ ਦੀ ਬਜਾਏ ਆਪਣੀਆਂ ਇੱਛਾਵਾਂ ਅਰ ਲਾਭ ਨੂੰ ਪ੍ਰਮੁੱਖ ਰੱਖਦਾ ਹੈ। ਇਹ ਵੀ ਤਬਾਹੀ ਦਾ ਸਬੂਤ ਹੈ। ਉਮੀਦ ਹੈ ਕਿ ਤੁਸੀਂ ਰੋਜ਼ ਦੀ ਰੋਟੀ ਨੂੰ ਬਚਾਉਣ ਲਈ ਆਪਣਾ ਵਿਸ਼ਵਾਸ ਜ਼ਰੂਰ ਅੱਗੇ ਵਧਾਓਗੇ।

2) ਤੁਹਾਨੂੰ ਆਪਣੇ ਹੱਥ ਪਰਮੇਸ਼ੁਰ ਅੱਗੇ ਫੈਲਾਉਣੇ ਚਾਹੀਦੇ ਹਨ! ਇਸ ਦਾ ਮਤਲਬ ਹੈ ਕਿ ਤੁਹਾਡਾ ਧਿਆਨ ਅਤੇ ਭਰੋਸਾ ਕੇਵਲ ਪਰਮੇਸ਼ੁਰ ਉੱਤੇ ਹੈ। ਤੁਹਾਡੇ ਸਾਰੇ ਵਿਚਾਰ ਅਤੇ ਕਰਮ ਪਰਮੇਸ਼ੁਰ ਨੂੰ ਖੁਸ਼ ਕਰਨੇ ਚਾਹੀਦੇ ਹਨ। ਲੰਬੀਆਂ ਅਰਦਾਸਾਂ ਕਰਨ ਅਤੇ ਕਈ ਦਿਨਾਂ ਦੇ ਵਰਤ ਰੱਖਣ ਦਾ ਕੋਈ ਫਾਇਦਾ ਨਹੀਂ ਜੇਕਰ ਤੁਸੀਂ ਦੂਜਿਆਂ ਨੂੰ ਪਰੇਸ਼ਾਨ ਕਰਦੇ ਰਹੋ ਅਤੇ ਧੋਖਾ ਦਿੰਦੇ ਹੋ। ਉਸ ਵਿਅਕਤੀ ਦੀਆਂ ਪ੍ਰਾਰਥਨਾਵਾਂ ਜੋ ਪਰਮੇਸ਼ੁਰ ਦੇ ਬਚਨ ਨੂੰ ਨਹੀਂ ਸੁਣਦਾ ਘਿਣਾਉਣੀਆਂ ਹਨ। "ਜਿਹੜਾ ਵਿਅਕਤੀ

(ਚਲਦਾ ਸਫਾ 6 ਤੇ)

ਨਹਮਯਾਹ ਬਾਈਬਲ
ਰਿਹਾਇਸ਼ੀ/ ਸ਼ਾਮ ਦਾ ਕਾਲਜ

ਵੇਲਾਚੇਰੀ/ ਚੇਪੌਕ ਅਤੇ ਸੰਤੋਸ਼ਪੁਰਮ, ਚੈਨਈ

ਮਾਧਿਅਮ- ਹਿੰਦੀ/ ਤਾਮਿਲ

Registered Candidate for Membership
Asia Theological Association (ATA)

ਅੰਤਰਰਾਸ਼ਟਰੀ ਮਸੀਹੀ ਲੀਡਰਾਂ ਅਰ ਸੀਨੀਅਰ ਪਾਸਬਾਨਾਂ ਦੁਆਰਾ ਪੜ
ਸਾਲਾਂ ਤੋਂ ਮਾਨਤਾ ਪ੍ਰਾਪਤ

ਥਿਆਲੋਜੀਕਲ ਸਰਟੀਫਿਕੇਟ ਕੋਰਸ: ਇੱਕ ਸਾਲ
ਥਿਆਲੋਜੀਕਲ ਡਿਪਲੋਮਾ ਕੋਰਸ: ਦੋ ਸਾਲ

ਯੋਗਤਾ: ਦਸਵੀਂ ਅਰ ਉਸਤੋਂ ਵੱਧ
ਦਾਖਲੇ ਲਈ ਛੇਤੀ ਕਰੋ

**Contact : The Chairman, Nehemiah Bible College.**
10, MOHAMMED ABDULLAH 2ND STREET, CHEPAUK, CHENNAI - 600 005, INDIA.
Phone : (+91-44) 2852 8282, Cell : (+91) 98410 71852 / 95661 31858
E.mail : sam@echoofhiscall.org / Website : www.echoofhiscall.org

# GREAT COMMISSION PARTNERS
## ਮਹਾਨ ਆਦੇਸ਼ ਸਹਿਭਾਗੀ

TO SHARE (Galatians 6:2) SUPPORT (Romans 12:13) SPEEDUP (II Timothy 1:6

ਵੰਡਣਾ (ਗਲਾਤੀਆਂ ੬:੨) ਸਹਾਇਤਾ ਕਰਨਾ(ਰੋਮੀਆਂ ੧੨:੧੩) ਤੇਜੀ ਕਰਨਾ (੨ਤਿਮੋਥੀਅਸ ੧:੬)



**19 ਜੂਨ 2022 ਤੋਂ 18 ਜੁਲਾਈ 2022 ਤੱਕ**

(ਕਿਰਪਾ ਕਰੇ ਇਹ ਪੰਨਾ ਬਾਹਰ ਕੱਢ ਲਓ, ਇਸ ਨੂੰ ਮੋੜੋ ਅਤੇ ਆਪਣੀ ਬਾਈਬਲ ਵਿੱਚ ਰੱਖੋ ਅਤੇ ਲਗਾਤਾਰ ਪ੍ਰਾਰਥਨਾ ਕਰੋ)

## ਵਡਿਆਈ ਦੇ ਮੁੱਦੇ

19 ਜੂਨ: ਸਾਡਾ ਪ੍ਰਭੂ ਸਾਡੇ ਸਹਾਇਕ ਸੰਪਾਦਕ, ਬ੍ਰ. ਮੈਨੂਅਲ ਐਮ. ਪੌਲਰਾਜ ਅਤੇ ਉਨ੍ਹਾਂ ਦੇ ਪਰਿਵਾਰ ਦੀ ਸਾਰੀਆਂ ਬੁਰੀਆਂ ਤਾਕਤਾਂ ਤੋਂ ਰੱਖਿਆ ਕਰ ਰਿਹਾ ਹੈ। ।

20 ਜੂਨ: ਪਿਛਲੇ ਮਹੀਨਿਆਂ ਵਿੱਚ ਸਾਡੀ ਸੇਵਕਾਈ ਯਾਤਰਾ ਨੂੰ ਅਸੀਸ ਦੇਣ ਲਈ ਪ੍ਰਭੂ ਦੀ ਉਸਤਤ ਕਰੋ।

21 ਜੂਨ: ਆਓ ਅਸੀਂ ਆਪਣੇ ਸਮਰਥਕਾਂ ਲਈ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਅਤੇ ਸਮਰਥਨ ਲਈ ਪ੍ਰਭੂ ਦੀ ਉਸਤਤ ਕਰੀਏ।

22 ਜੂਨ: ਪ੍ਰਮੇਸ਼ਵਰ ਨੇ ਪਿਛਲੇ ਮਹੀਨੇ ਵਿੱਚ ਬੁਲਾਵੇ ਦੀ ਗੂੰਜ ਦੀਆਂ ਸਭ ਗਤੀਵਿਧੀਆਂ ਨੂੰ ਅਸੀਸ ਦਿੱਤੀ।

23 ਜੂਨ: ਪ੍ਰਭੂ ਨੇ ਸੁਸਮਾਚਾਰ ਨਾਲ ਉੱਤਰੀ ਭਾਰਤ ਦੇ ਅਣਪਛਾਤੇ ਖੇਤਰਾਂ ਵਿੱਚ ਦਾਖਲ ਹੋਣ ਲਈ ਕਿਰਪਾ ਨਾਲ ਸਾਡੀ ਮਦਦ ਕੀਤੀ।

24 ਜੂਨ : ਸਾਡੇ ਹਿੰਦੀ ਆਨਲਾਈਨ ਥੀਓਲੋਜੀਕਲ ਕੋਰਸ 'ਤੇ ਪ੍ਰਭੂ ਦੀ ਭਰਪੂਰ ਮਿਹਰ ਲਈ ਉਸਦੀ ਵਡਿਆਈ ਕਰੀਏ।

25 ਜੂਨ: ਪਰਮੇਸ਼ੁਰ ਨੇ ਸਾਡੇ ਮੁੱਖ ਅਤੇ ਸ਼ਾਖਾ ਚਰਚਾਂ ਨੂੰ ਨਵੇਂ ਵਿਸ਼ਵਾਸੀਆਂ ਨਾਲ ਅਸੀਸ ਦਿੱਤੀ।

26 ਜੂਨ: ਆਓ ਅਸੀਂ ਆਪਣੇ ਸਾਰੇ ਸਹਿਯੋਗੀ ਸੰਪਾਦਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਲਈ ਪ੍ਰਭੂ ਦੀ ਉਸਤਤ ਕਰੀਏ।

27 ਜੂਨ: ਸਾਨੂੰ ਸਾਡੇ ਮਿਸ਼ਨ ਖੇਤਰਾਂ ਤੋਂ ਚੰਗੀਆਂ ਰਿਪੋਰਟਾਂ ਮਿਲ ਰਹੀਆਂ ਹਨ।

28 ਜੂਨ: ਹੁਣ ਤੱਕ ਸੰਸਥਾ ਨੂੰ ਚਲਾਉਣ ਲਈ ਸਾਡੇ ਯਤਨਾਂ ਨੂੰ ਫਲਦਾਇਕ ਬਣਾਉਣ ਲਈ ਪ੍ਰਭੂ ਦੀ ਉਸਤਤ ਕਰੋ।

29 ਜੂਨ: ਸਾਡੀਆਂ ਐਤਵਾਰ ਦੀਆਂ ਸੇਵਾਵਾਂ ਅਤੇ ਹੋਰ ਸਭਾਵਾਂ 'ਤੇ ਉਸ ਦੀਆਂ ਰਹਿਮਤਾਂ ਲਈ ਪ੍ਰਭੂ ਦੀ ਉਸਤਤ ਕਰੋ।

30 ਜੂਨ: ਪਰਮੇਸ਼ੁਰ ਨੇ ਸਾਡੇ ਮੁੱਖ ਚਰਚ ਵਿੱਚ ਭੈਣਾਂ ਦੀ ਸੇਵਕਾਈ ਨੂੰ ਅਸੀਸ ਦਿੱਤੀ।

01 ਜੁਲਾਈ: 1969 ਤੋਂ ਮੈਗਜ਼ੀਨ ਸੇਵਕਾਈ ਪ੍ਰਤੀ ਵਚਨਬੱਧ ਰਹਿਣ ਯੋਗ ਬਣਾਉਣ ਲਈ ਪ੍ਰਮੇਸ਼ਵਰ ਦਾ ਧੰਨਵਾਦ ਕਰੋ।

02 ਜੁਲਾਈ: ਪਰਮੇਸ਼ੁਰ ਨੇ ਸਾਡੇ ਮੁੱਖ ਚਰਚ ਵਿੱਚ ਭਰਾਵਾਂ ਦੀ ਮੀਟਿੰਗ ਨੂੰ ਅਸੀਸ ਦਿੱਤੀ।

03 ਜੁਲਾਈ: ਪ੍ਰਭੂ ਨੇ ਸਾਡੀ ਪ੍ਰਿੰਟਿੰਗ ਪ੍ਰੈੱਸ ਵਿੱਚ 16 ਭਾਸ਼ਾਵਾਂ ਵਿੱਚ ਛਪਦੇ ਪ੍ਰਕਾਸ਼ਨਾਂ ਨੂੰ ਅਸੀਸ ਦੇ ਕੇ ਮਿਸ਼ਨ ਖੇਤਰਾਂ ਵਿੱਚ ਭੇਜਿਆ।

## ਪ੍ਰਾਰਥਨਾ ਦੇ ਮੁੱਦੇ

04 ਜੁਲਾਈ: ਅਸੀਂ ਆਪਣੇ ਅੰਗਰੇਜ਼ੀ ਸਹਾਇਕ ਸੰਪਾਦਕ ਬ੍ਰ. ਮੈਨੂਅਲ ਪੌਲਰਾਜ ਦੀ ਪੂਰੀ ਚੰਗਾਈ ਲਈ ਪ੍ਰਾਰਥਨਾ ਕਰਨਾ ਜਾਰੀ ਰੱਖੀਏ।

05 ਜੁਲਾਈ: ਪ੍ਰਭੂ ਬੁਲਾਵੇ ਦੀ ਗੂੰਜ ਸੇਵਕਾਈਆਂ ਵਿੱਚ ਹੋਰ ਸਮਰਪਿਤ ਕਾਮਿਆਂ ਨੂੰ ਭੇਜੇ।

06 ਜੁਲਾਈ: ਪ੍ਰਮੇਸ਼ਵਰ ਸਾਡੇ ਕੋਆਰਡੀਨੇਟਰਾਂ ਅਤੇ ਪਾਸਟਰਾਂ ਨੂੰ ਨਵੀਂ ਤਾਕਤ ਦੇਵੇ।

07 ਜੁਲਾਈ: ਆਓ ਅਸੀਂ ਸੰਸਾਰ ਦੇ ਸਾਰੇ ਅਧਿਆਤਮਿਕ ਲੀਡਰਾਂ ਲਈ ਪ੍ਰਾਰਥਨਾ ਕਰੀਏ।

08 ਜੁਲਾਈ: ਦੁਨੀਆ ਦੇ ਸਾਰੇ ਦੇਸ਼ਾਂ ਦੇ ਲੋਕਾਂ 'ਤੇ ਉਸ ਦੀਆਂ ਅਸੀਸਾਂ ਲਈ ਪ੍ਰਭੂ ਅੱਗੇ ਦੁਆ ਕਰੀਏ।

09 ਜੁਲਾਈ: ਪ੍ਰਮੇਸ਼ਵਰ ਅੱਗੇ ਪ੍ਰਾਰਥਨਾ ਕਰੋ ਕਿ ਉਹ ਸਾਡੇ ਸੀਨੀਅਰ ਪਾਸਟਰ ਦੀ ਆਪਣੀ ਆਤਮਕਥਾ ਨੂੰ ਲਿਖਣ ਵਿੱਚ ਅਗਵਾਈ ਕਰੇ।

10 ਜੁਲਾਈ: ਆਉ ਅਸੀਂ ਆਪਣੇ ਪ੍ਰਾਰਥਨਾ ਸਹਿਭਾਗੀਆਂ, ਸਬਸਕ੍ਰਾਈਬਿੰਗ ਸਹਿਭਾਗੀਆਂ, ਵਿਸ਼ਵਾਸ ਸਹਿਭਾਗੀਆਂ, ਜੀਵਨ ਸਹਿਭਾਗੀਆਂ ਅਤੇ ਮਹਾਂ ਆਦੇਸ਼ ਸਹਿਭਾਗੀਆਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਲਈ ਪ੍ਰਾਰਥਨਾ ਕਰੀਏ।

11 ਜੁਲਾਈ: ਪ੍ਰਮੇਸ਼ਵਰ ਇਸ ਮਹੀਨੇ ਬੁਲਾਵੇ ਦੀ ਗੂੰਜ ਸੇਵਕਾਈਆਂ ਲਈ ਲੋੜੀਂਦੇ ਫੰਡ ਪ੍ਰਦਾਨ ਕਰੇ।

12 ਜੁਲਾਈ: ਆਓ ਅਸੀਂ ਆਪਣੇ ਮਿਸ਼ਨ ਖੇਤਰ ਦੇ ਵਰਕਰਾਂ ਲਈ ਪ੍ਰਾਰਥਨਾ ਕਰੀਏ।

13 ਜੁਲਾਈ: ਸਾਡੀਆਂ ਆਗੂਆਂ ਦੀਆਂ ਮੀਟਿੰਗਾਂ ਅਤੇ ਸੇਵਕਾਈਆਂ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਪ੍ਰਭੂ ਬਰਕਤ ਦੇਵੇ।

14 ਜੁਲਾਈ: ਸੇਵਕਾਈ ਦੀਆਂ ਵਿੱਤੀ ਲੋੜਾਂ ਲਈ ਪ੍ਰਾਰਥਨਾ ਕਰੋ।

15 ਜੁਲਾਈ ਜੁਲਾਈ: ਆਓ ਅਸੀਂ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਕੋਰੋਨਾ ਵਾਇਰਸ ਦੇ ਖਾਤਮੇ ਲਈ ਪ੍ਰਾਰਥਨਾ ਕਰੀਏ।

16 ਜੁਲਾਈ : ਔਰਤਾਂ ਅਤੇ ਬੱਚਿਆਂ ਵਿਰੁੱਧ ਹੁੰਦੀ ਹਿੰਸਾ ਦੇ ਖਾਤਮੇ ਲਈ ਪ੍ਰਾਰਥਨਾ ਕਰੋ।

17 ਜੁਲਾਈ: ਆਓ ਅਸੀਂ ਸਾਰੀਆਂ ਮਸੀਹੀ ਸੰਸਥਾਵਾਂ ਲਈ ਪ੍ਰਾਰਥਨਾ ਕਰੀਏ।

18 ਜੁਲਾਈ: ਪ੍ਰਮੇਸ਼ਵਰ ਸਾਡੇ ਸੀਨੀਅਰ ਪਾਦਰੀ ਐਸ. ਸੈਮ ਸੇਲਵਾ ਰਾਜ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਹਰ ਕਿਸਮ ਦੀਆਂ ਬੁਰੀਆਂ ਤਾਕਤਾਂ ਤੋਂ ਬਚਾ ਕੇ ਰੱਖੇ।

(ਸਫਾ 4 ਤੋਂ ਚਲਦਾ-)

ਬਿਵਸਥਾ ਨੂੰ ਸੁਣਨ ਤੋਂ ਕੰਨ ਮੋੜ ਲੈਂਦਾ ਹੈ, ਉਸਦੀ ਪ੍ਰਾਰਥਨਾ ਵੀ ਘਿਣਾਉਣੀ ਹੈ" (ਕਹਾਉਤਾਂ 28:9)। "ਦੁਸ਼ਟ ਦੀ ਭੇਟ ਤੋਂ ਯਹੋਵਾਹ ਨੂੰ ਘਿਣ ਆਉਂਦੀ ਹੈ, ਪਰ ਸੱਚਿਆਰਾਂ ਦੀ ਪ੍ਰਾਰਥਨਾ ਤੋਂ ਉਹ ਪ੍ਰਸੰਨ ਹੁੰਦਾ ਹੈ। ਦੁਸ਼ਟ ਦੀ ਚਾਲ ਤੋਂ ਯਹੋਵਾਹ ਨੂੰ ਘਿਣ ਆਉਂਦੀ ਹੈ, ਪਰ ਧਰਮ ਦਾ ਪਿੱਛਾ ਕਰਨ ਵਾਲੇ ਨਾਲ ਉਹ ਪ੍ਰੇਮ ਕਰਦਾ ਹੈ।" (ਕਹਾਉਤਾਂ 15:8,9)।

ਅੱਜ ਤੁਹਾਡਾ ਧਿਆਨ ਕਿੱਥੇ ਹੈ? ਤੁਸੀਂ ਕਿਸ ਤੋਂ ਮਦਦ ਦੀ ਆਸ ਰੱਖਦੇ ਹੋ? ਤੁਸੀਂ ਕਿਹੜਾ ਰਾਹ ਲੱਭਦੇ ਹੋ?

## 3. ਆਤਮਾ ਨਿਰਾਸ਼ ਹੁੰਦਾ ਹੈ

"ਮਨ ਅਨੰਦ ਹੋਵੇ ਤਾਂ ਮੁੱਖ ਉੱਤੇ ਵੀ ਖੁਸ਼ੀ ਹੁੰਦੀ ਹੈ, ਪਰ ਦਿਲ ਦੇ ਸੋਗ ਨਾਲ ਆਤਮਾ ਨਿਰਾਸ਼ ਹੁੰਦਾ ਹੈ" (ਕਹਾਉਤਾਂ 15:13)। "ਖੁਸ਼ੀ ਦਿਲੀ ਦਵਾ ਵਾਂਗ ਚੰਗਾ ਕਰਦੀ ਹੈ ਪਰ ਉਦਾਸ ਆਤਮਾ ਹੱਡੀਆਂ ਨੂੰ ਸੁਕਾਉਂਦਾ ਹੈ" (ਕਹਾਉਤਾਂ 17:22)।

ਕੋਈ ਵਸਤੂ ਜੋ ਲੋਹੇ ਪਿੱਤਲ ਜਾਂ ਐਲੂਮੀਨੀਅਮ ਦੀ ਬਣੀ ਹੋਈ ਹੈ ਜੇ ਟੁੱਟ ਜਾਵੇ ਤਾਂ ਉਸ ਨੂੰ ਜੋੜਿਆ ਜਾ ਸਕਦਾ ਹੈ। ਪਰ ਜੇ ਸਾਡਾ ਆਤਮਾ ਟੁੱਟ ਜਾਵੇ ਤਾਂ ਕੋਈ ਮਾਹਰ ਡਾਕਟਰ ਜਾਂ ਮਨੋਵਿਗਿਆਨੀ ਇਸ ਨੂੰ ਜੋੜ ਨਹੀਂ ਸਕਦਾ। ਸੰਸਾਰ ਵਿੱਚ ਅਸੀਂ ਅਸਫਲਤਾਵਾਂ, ਆਰਥਿਕ ਉਲਝਣਾਂ, ਬੀਮਾਰੀਆਂ ਅਤੇ ਪਰਿਵਾਰਕ ਸਮੱਸਿਆਵਾਂ ਦਾ ਸਾਹਮਣਾ ਕਰਦੇ ਹਾਂ, ਇਨ੍ਹਾਂ ਸਭਨਾਂ ਦਾ ਕਾਰਨ ਸਾਡਾ ਟੁੱਟਾ ਹੋਇਆ ਆਤਮਾ ਹੀ ਹੈ। ਇਹਨਾਂ ਨੂੰ ਦੂਰ ਕਰਨ ਦਾ ਇਕ ਹੀ ਤਰੀਕਾ ਹੈ ਅਤੇ ਉਹ ਹੈ ਪ੍ਰਭੂ ਕੋਲ ਜਾਣਾ। "ਮੈਂ ਖੁਸ਼ ਹੋਇਆ ਜਦ ਉਹ ਮੈਨੂੰ ਆਖਣ ਲੱਗੇ ਭਈ ਯਹੋਵਾਹ ਦੇ ਘਰ ਨੂੰ ਚੱਲੀਏ" (ਜ਼ਬੂਰ 122:1)।

ਉਨ੍ਹਾਂ ਲੋਕਾਂ ਦੇ ਨਾਲ ਜਾਣਾ ਬਹੁਤ ਮਹੱਤਵਪੂਰਨ ਹੈ ਜੋ ਸੱਚਮੁੱਚ ਪ੍ਰਭੂ ਦੀ ਉਸਤਤ ਅਤੇ ਉਪਾਸਨਾ ਕਰਦੇ ਹਨ। ਤੁਹਾਨੂੰ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਹੱਥਾਂ ਨਾਲ ਤਾੜੀਆਂ ਮਾਰਦੇ ਹੋਏ ਆਪਣੇ ਹੱਥਾਂ ਨੂੰ ਸਿਰ ਤੋਂ ਉੱਪਰ ਚੁੱਕਦੇ ਹੋਏ, ਗੋਡੇ ਟੇਕ ਕੇ, ਖੁਸ਼ੀ ਨਾਲ ਉਸ ਚਰਚ ਵਿੱਚ ਪ੍ਰਭੂ ਦੀ ਉਸਤਤ ਕਰਨੀ ਚਾਹੀਦੀ ਹੈ ਜਿੱਥੇ ਆਤਮਾ ਅਤੇ ਸੱਚਾਈ ਨਾਲ ਪ੍ਰਭੂ ਦੀ ਅਰਾਧਾਨਾ ਕੀਤੀ ਜਾਂਦੀ ਹੈ। ਫਿਰ ਤੁਸੀਂ ਅਨੰਦ ਅਤੇ ਖੁਸ਼ੀ ਨਾਲ ਭਰ ਜਾਵੋਗੇ, ਤੁਹਾਡੀ ਬਿਮਾਰੀ ਦੂਰ ਹੋ ਜਾਵੇਗੀ, ਤੁਹਾਡੇ ਵਿਰੁੱਧ ਕੀਤੇ ਗਏ ਸਾਰੇ ਜਾਦੂ ਟੋਣੇ ਸ਼ਕਤੀਹੀਣ ਹੋ ??ਜਾਣਗੇ ਅਤੇ ਤੁਸੀਂ ਹਮੇਸ਼ਾ ਲਈ ਸਾਰੇ ਬੰਧਨਾਂ ਤੋਂ ਛੁਟਕਾਰਾ ਪਾਓਗੇ।

ਅਸੀਂ ਇਸ ਕਿਸਮ ਦੀ ਅਰਾਧਨਾ ਨੂੰ ਬੁਲਾਵੇ ਦੀ ਗੂੰਜ ਬਹੁ-ਭਾਸ਼ੀ ਚਰਚ ਵਿੱਚ ਅਨੁਭਵ ਕਰਦੇ ਹਾਂ। ਕਿੰਨੀ ਵੱਡੀ ਖ਼ੁਸ਼ੀ! ਕਿੰਨਾਂ ਵੱਡਾ ਅਨੰਦ! ਅਸੀਂ ਕਿੰਨੀ ਸ਼ਾਂਤੀ ਦਾ ਅਨੁਭਵ ਕਰਦੇ ਹਾਂ! ਪਿਆਰੇ ਪਾਸਬਾਨੋਂ ਅਜਿਹੀ ਅਰਾਧਨਾ ਵਿੱਚ ਆਪਣੇ ਚਰਚ ਦੇ ਮੈਂਬਰਾਂ ਦੀ ਅਗਵਾਈ ਕਰੋ ਅਤੇ ਉਹਨਾਂ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਵਿੱਚ ਉਹਨਾਂ ਦੀ ਮਦਦ ਕਰੋ। ਪਿਆਰੇ ਪਾਠਕ, ਆਪਣੇ ਚਰਚ ਨੂੰ ਮਹੱਤਵ ਦਿਓ। ਫਿਰ, ਤੁਸੀਂ ਕਲੀਸਿਆ ਵਿੱਚ ਉਸ ਸੰਪੂਰਨਤਾ ਦਾ ਅਨੰਦ ਮਾਣੋਗੇ। "ਪ੍ਰਭੂ ਵਿੱਚ ਸਦਾ ਅਨੰਦ ਕਰੋ। ਫੇਰ ਆਖਦਾ ਹਾਂ, ਅਨੰਦ ਕਰੋ!" (ਫ਼ਿਲਿੱਪੀਆਂ 4:4)। ਚਰਚ! ਸਿਰਫ ਚਰਚ !! ਚਰਚ ਹੀ ਇੱਕ ਅਜਿਹੀ ਜਗ੍ਹਾ ਹੈ ਜਿੱਥੇ ਪ੍ਰਭੂ ਨਿਰਾਸ਼ ਨੂੰ ਉਮੀਦ ਅਤੇ ਦੁਖੀ ਨੂੰ ਖੁਸ਼ੀ ਦਿੰਦਾ ਹੈ। ਹਰ ਐਤਵਾਰ ਅਤੇ ਹੋਰ ਮੀਟਿੰਗਾਂ ਵਿੱਚ ਆਪਣੇ ਚਰਚ ਵਿੱਚ ਪ੍ਰਭੂ ਦੀ ਅਰਾਧਨਾ ਕਰੋ। "ਜਿਹੜੇ ਯਹੋਵਾਹ ਦੇ ਭਵਨ ਵਿੱਚ ਲਾਏ ਹੋਏ ਹਨ ਉਹ ਪਰਮੇਸ਼ੁਰ ਦੇ ਵੇਹੜਿਆਂ ਵਿੱਚ ਲਹਿਲਹਾਉਣਗੇ" (ਜ਼ਬੂਰ 92:13)।

## 4. ਇਹ ਡਿਪਰੈਸ਼ਨ ਦਾ ਕਾਰਨ ਬਣਦਾ ਹੈ

"ਮਨੁੱਖ ਦੇ ਦਿਲ ਵਿੱਚ ਚਿੰਤਾ ਉਹ ਨੂੰ ਜੁਕਾ ਦਿੰਦੀ ਹੈ। ਪਰ ਚੰਗਾ ਬਚਨ ਉਹ ਨੂੰ ਅਨੰਦ ਕਰ ਦਿੰਦਾ ਹੈ" (ਕਹਾਉਤਾਂ 12:25)।

ਡਿਪਰੈਸ਼ਨ ਅਸਲ ਵਿੱਚ ਦਿਲ ਦੇ ਸੁੰਗੜਨ ਦਾ ਕਾਰਨ ਬਣਦਾ ਹੈ; ਇਹ ਦਿਲ ਨੂੰ ਸਹੀ ਢੰਗ ਨਾਲ ਕੰਮ ਕਰਨ ਤੋਂ ਰੋਕਦਾ ਹੈ। ਜਦੋਂ ਲੋਕ ਉਦਾਸ ਹੁੰਦੇ ਹਨ ਤਾਂ ਉਹ ਅਜ਼ਾਦੀ ਨਾਲ ਸੋਚ ਨਹੀਂ ਸਕਦੇ। ਪਰੇਸ਼ਾਨੀਆਂ ਵਿੱਚ ਕਈ ਵਾਰ ਅਸੀਂ ਬਹੁਤ ਹੀ ਵੱਡੇ ਅਰ ਸਖ਼ਤ ਫੈਸਲੇ ਲੈ ਲੈਂਦੇ ਹਾਂ। ਕੁਝ ਆਪਣੇ ਘਰਾਂ ਤੋਂ ਬਾਹਰ ਨਿਕਲਦੇ ਹਨ ਅਤੇ ਅਜਿਹੀ ਜਗ੍ਹਾ ਦੀ ਭਾਲ ਕਰਦੇ ਹਨ ਜਿੱਥੇ ਉਨ੍ਹਾਂ ਨੂੰ ਸ਼ਾਂਤੀ ਮਿਲ ਸਕੇ। ਕੁਝ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਈ ਤਰੀਕੇ ਅਜ਼ਮਾਉਂਦੇ ਹਨ ਅਤੇ ਜਦੋਂ ਉਹ ਅਸਫਲ ਹੋ ਜਾਂਦੇ ਹਨ, ਤਾਂ ਉਹ ਬਹੁਤ ਭਿਆਨਕ ਕਦਮ ਚੁੱਕਦੇ ਹਨ। ਭੇਤ ਦੀ ਗੱਲ ਇਹ ਹੈ ਕਿ ਕੋਈ ਵੀ ਵਿਅਕਤੀ ਜੋ ਯਿਸੂ ਮਸੀਹ ਦੇ ਰਾਹਾਂ ਵਿੱਚ ਚੱਲਦਾ ਹੈ, ਕਦੇ ਵੀ ਖੁਦਕੁਸ਼ੀ ਕਰਨ ਬਾਰੇ ਨਹੀਂ ਸੋਚ ਸਕਦਾ। ਇਹ ਇੱਕ ਅਸਲ ਸੱਚਾਈ ਹੈ! ਹੈਰਾਨੀਜਨਕ ਸੱਚਾਈ!! ਇਹ ਸੱਚੀ ਮਸੀਹਤ ਦੀ ਠੋਸ ਬੁਨਿਆਦ ਹੈ!

ਭਾਵੇਂ ਦਾਊਦ ਨੂੰ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਮ੍ਹਣਾ ਕਰਨਾ ਪਿਆ, ਪਰ ਉਸ ਦਾ ਪ੍ਰਭੂ ਵਿਚ ਪੱਕਾ ਵਿਸ਼ਵਾਸ ਸੀ। "ਦਾਊਦ ਵੱਡਾ ਔਖਾ ਹੋਇਆ......ਦਾਊਦ ਨੇ ਯਹੋਵਾਹ ਆਪਣੇ ਪਰਮੇਸ਼ੁਰ ਵੱਲ ਆਪਣੇ ਮਨ ਨੂੰ ਤਕੜਾ ??ਕੀਤਾ" (1 ਸਮੂਏਲ 30:6)।

## 5. ਦਾਊਦ ਦੇ ਹਰ ਰੋਜ਼ ਦੇ ਅਨੁਭਵ!

"ਹੇ ਪਰਮੇਸ਼ੁਰ, ਮੇਰੇ ਉੱਤੇ ਦਯਾ ਕਰ, ਕਿਉਂ ਜੋ ਆਦਮੀ ਮੈਨੂੰ ਮਿੱਧਦੇ ਹਨ; ਉਹ ਸਾਰਾ ਦਿਨ ਲੜਦੇ ਹੋਏ ਮੈਨੂੰ ਦਬਾਈ ਜਾਂਦੇ ਹਨ (ਜ਼ਬੂਰ 56:1)।

ਦੁੱਖ ਅਤੇ ਮੁਸੀਬਤਾਂ 3 ਵੱਖ-ਵੱਖ ਤਰੀਕਿਆਂ ਨਾਲ ਆਉਂਦੀਆਂ ਹਨ:

1) ਸਾਡੇ ਵਿਚਾਰਾਂ ਦੇ ਕਾਰਨ
2) ਅਸੀਂ ਆਪਣੀ ਜ਼ਿੰਦਗੀ ਵਿੱਚ ਗਲਤ ਫੈਸਲੇ ਲੈਂਦੇ ਹਾਂ
3) ਦੁਸ਼ਟ ਆਤਮਾ ਦੇ ਪ੍ਰਭਾਵ ਕਾਰਨ। ਲੋਕਾਂ ਅੰਦਰ ਈਰਖਾ ਅਤੇ ਚਿੜਚਿੜਾਪਨ ਵਧ ਗਿਆ ਹੈ।

**ਲੋਕਾਂ ਦਾ ਡਰ:**

ਖਈ ਵਾਰ ਅਸੀਂ ਆਪਣੇ ਆਪ ਵਿੱਚ ਵਿਸ਼ਵਾਸ ਗੁਆ ਬੈਠਦੇ ਹਾਂ ਅਤੇ ਮਨ ਦੀ ਇਸ ਸਥਿਤੀ ਦੇ ਕਾਰਨ ਅਸੀਂ ਇੱਕ ਬਹੁਤ ਹੀ ਖ਼ਤਰਨਾਕ ਹਲਾਤਾਂ ਵਿੱਚ ਪਹੁੰਚ ਜਾਂਦੇ ਹਾਂ। ਅਜਿਹੀ ਸਥਿਤੀ ਵਿੱਚ ਦਾਊਦ ਕਹਿੰਦਾ ਹੈ, "ਮਨੁੱਖ ਮੈਨੂੰ ਮਿੱਧਦੇ ਹਨ"। ਡਰ ਅਤੇ ਸੰਦੇਹ ਕਿਸੇ ਵੀ ਤਾਕਤਵਰ ਆਦਮੀ ਨੂੰ ਬੇਕਾਰ ਬਣਾ ਦਿੰਦੇ ਹਨ।

ਕਿਉਂਕਿ ਦਾਊਦ ਦੁਸ਼ਮਣਾਂ ਨਾਲ ਘਿਰਿਆ ਹੋਇਆ ਸੀ, ਉਸਨੂੰ ਹਮੇਸ਼ਾ ਦੁਸ਼ਮਣ ਦੇ ਹਮਲੇ ਦਾ ਅਤੇ ਆਉਣ ਵਾਲੇ ਯੁੱਧ ਦਾ ਡਰ ਸੀ। ਨਾਲ ਹੀ ਉਸਦੇ ਆਪਣਿਆਂ ਦੇ ਭੈ ਕਾਰਨ ਉਹ ਡਰ ਨਾਲ ਜਕੜਿਆ ਗਿਆ ਸੀ।

"ਹੌਲ ਤੇ ਕਾਂਬਾ ਮੇਰੇ ਉੱਤੇ ਆ ਪਏ ਜਿਨ੍ਹਾਂ ਨੇ ਮੇਰੀਆਂ ਸਾਰੀਆਂ ਹੱਡੀਆਂ ਨੂੰ ਹਿਲਾ ਦਿੱਤਾ। ਇੱਕ ਰੂਹ ਮੇਰੇ ਮੂੰਹ ਅੱਗੋਂ ਦੀ ਲੰਘੀ, ਮੇਰੇ ਪਿੰਡੇ ਦੀ ਲੂਈਂ ਖੜੀ ਹੋ ਗਈ" (ਅੱਯੂਬ: 4:14,15)।

ਬਾਈਬਲ ਡਰਨ ਤੋਂ ਸਖ਼ਤ ਮਨ੍ਹਾ ਕਰਦੀ ਹੈ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਹ ਇੰਨਾਂ ਭਿਆਨਕ ਹੈ ਕਿ ਬਾਈਬਲ ਅੱਗ ਦੀ ਝੀਲ ਵਿੱਚ ਸਭ ਤੋਂ ਪਹਿਲਾ ਸੁੱਟੇ ਜਾਣ ਵਾਲਿਆਂ ਦੀ ਸੂਚੀ ਵਿੱਚ ਡਰਪੋਕਾਂ ਨੂੰ ਸ਼ਾਮਲ ਕਰਦੀ ਹੈ। "ਪਰ ਡਰਪੋਕਾਂ, ਅਵਿਸ਼ਵਾਸੀਆਂ, ਘਿਣਾਉਣਿਆਂ, ਖ਼ੂਨੀਆਂ, ਹਰਾਮਕਾਰਾਂ, ਜਾਦੂਗਰਾਂ, ਮੂਰਤੀ ਪੂਜਕਾਂ ਅਰ ਸਾਰੇ ਝੂਠਿਆਂ ਦਾ ਹਿੱਸਾ ਉਸ ਝੀਲ ਵਿੱਚ ਹੋਵੇਗਾ ਜਿਹੜੀ ਅੱਗ ਅਤੇ ਗੰਧਕ ਨਾਲ ਬਲਦੀ ਹੈ, ਇਹ ਦੂਈ ਮੌਤ ਹੈ" (ਪਰਕਾਸ਼ ਦੀ ਪੋਥੀ 21:8)। ਜੇਕਰ ਇਸ ਵੱਲ ਧਿਆਨ ਨਾ ਦਿੱਤਾ ਜਾਵੇ, ਤਾਂ ਇਹ ਸਾਡੀ ਅਨੰਤ ਤਬਾਹੀ ਕਰ ਸਕਦੀ ਹੈ। ਕੇਵਲ ਪ੍ਰਮੇਸ਼ਵਰ ਦੇ ਸ਼ਬਦ ਦੀ ਦੋਧਾਰੀ ਤਲਵਾਰ ਦੀ ਮਦਦ ਨਾਲ ਹੀ ਅਸੀਂ ਇਸ ਡਰ ਨੂੰ ਬੇਨਕਾਬ ਕਰ ਸਕਦੇ ਹਾਂ ਅਤੇ ਇਸਨੂੰ ਆਪਣੇ ਜੀਵਨ ਵਿੱਚੋਂ ਮਿਟਾ ਸਕਦੇ ਹਾਂ।

ਸਭ ਤੋਂ ਪਹਿਲਾਂ ਸਾਨੂੰ ਡਰ ਦੀ ਸਹੀ ਪਛਾਣ ਕਰਨ ਦੀ ਲੋੜ ਹੈ। ਇਹ ਹਨੇਰੇ ਦੀ ਆਤਮਾ ਹੈ। "ਕਿਉਂਕਿ ਪਰਮੇਸ਼ੁਰ ਨੇ ਸਾਨੂੰ ਡਰ ਦਾ ਆਤਮਾ ਨਹੀਂ ਸਗੋਂ ਸਮਰੱਥਾ ਅਤੇ ਪ੍ਰੇਮ ਅਤੇ ਸੰਜਮ ਦਾ ਆਤਮਾ ਦਿੱਤਾ ਹੈ" (2 ਤਿਮੋਥਿਉਸ 1:7)। ਇਸ ਦਾ ਮੂਲ ਨਰਕ ਹੈ ਅਤੇ ਇਸ ਦਾ ਰੱਬ ਨਾਲ ਕੋਈ ਸੰਬੰਧ ਨਹੀਂ ਹੈ। ਅਸਲ ਵਿੱਚ, ਇਸਦੀ ਮੌਜੂਦਗੀ ਮਨੁੱਖ ਨੂੰ ਰੱਬ ਤੋਂ ਦੂਰ ਕਰਦੀ ਹੈ। ਕੁਝ ਲੋਕ ਡਰ ਨੂੰ ਸੁਭਾਅ ਦਾ ਹਿੱਸਾ, ਕੁਦਰਤ ਵੱਲੋਂ ਮਿਲਿਆ ਤੱਤ ਜਾ ਆਦਤ ਸਮਝਦੇ ਹਨ। ਡਰ ਨੂੰ ਹਲਕੇ ਤੌਰ 'ਤੇ ਲੈਣਾ ਬਹੁਤ ਵੱਡੀ ਅਧਿਆਤਮਿਕ ਹੈ। ਇਹ ਅਸਲ ਵਿੱਚ ਇੱਕ ਐਟਮ ਨੂੰ ਇੱਕ ਐਟਮ ਬੰਬ ਬਣਾ ਸਕਦਾ ਹੈ ਅਤੇ ਤੁਹਾਡੇ ਜੀਵਨ ਵਿੱਚ ਤਬਾਹੀ ਲਿਆ ਸਕਦਾ ਹੈ। ਇਹ ਸ਼ੈਤਾਨ ਤੋਂ ਹੈ। ਇਸ ਲਈ ਇਸਦਾ ਸਾਹਮਣਾ ਕਰੋ। ਡਰ ਨੂੰ ਬਰਦਾਸ਼ਤ ਕਰਨਾ ਸ਼ੇਰ ਦੇ ਬੱਚੇ ਨੂੰ ਪਾਲਣ ਦੇ ਬਰਾਬਰ ਹੈ। ਇਹ ਕਿਸੇ ਦਿਨ ਤੁਹਾਨੂੰ ਨਾਸ਼ ਕਰੇਗਾ। ਅੱਜ ਹੀ ਆਪਣੀ ਜ਼ਿੰਦਗੀ ਵਿੱਚੋਂ ਉਸ ਦੁਸ਼ਟ ਆਤਮਾ ਨੂੰ ਖ਼ਤਮ ਕਰਨ ਲਈ ਤਿਆਰ ਹੋ ਜਾਓ!

ਇਹ ਜਾਣ ਕੇ ਕਿ ਪਰਮੇਸ਼ੁਰ ਦਾ ਬਚਨ ਡਰ ਬਾਰੇ ਕੀ ਦੱਸਦਾ ਹੈ, ਹੁਣੇ ਇਸ ਦੇ ਵਿਰੁੱਧ ਇੱਕ ਹਮਲਾਵਰ ਰੁਖ ਅਪਨਾਓ ਅਤੇ ਇਸਨੂੰ ਦੂਰ ਸੁੱਟ ਦਿਓ। ਦੁਸ਼ਮਣ ਦੇ ਵਿਰੁੱਧ, ਵਿਸ਼ਵਾਸੀ ਦੇ ਹੱਥਾਂ ਵਿੱਚ ਸਭ ਤੋਂ ਘਾਤਕ ਹਥਿਆਰ ਯਿਸੂ ਦਾ ਲਹੂ ਹੈ। ਹਰ ਵਾਰ ਜਦੋਂ ਤੁਸੀਂ ਇਸਦੀ ਵਰਤੋਂ ਕਰਦੇ ਹੋ, ਦੁਸ਼ਮਣ ਠਿੰਬਰ ਜਾਂਦਾ ਹੈ। ਸ਼ੈਤਾਨ ਨੂੰ ਡਰਾਓ। ਸਾਡੇ ਜੀਵਨ ਦਾ ਹਰ ਪਹਿਲੂ ਯਿਸੂ ਦੇ ਲਹੂ ਦੁਆਰਾ ਢੱਕਿਆ ਹੋਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਹੀ ਇਹ ਦੁਸ਼ਟ ਆਤਮਾ ਖਤਮ ਹੋਵੇਗੀ।

"ਜਿਸ ਚੀਜ਼ ਤੋਂ ਮੈਂ ਬਹੁਤ ਡਰਦਾ ਸੀ ਉਹ ਮੇਰੇ ਉੱਤੇ ਆ ਪਈ, ਅਤੇ ਜਿਸ ਚੀਜ਼ ਤੋਂ ਮੈਂ ਭੈ ਖਾਂਦਾ ਸੀ ਉਹ ਮੇਰੇ ਨਾਲ ਵਾਪਰਿਆ" (ਅੱਯੂਬ 3:25)।

ਜਦੋਂ ਉਹ ਸ਼ੈਤਾਨ ਬੇਨਕਾਬ ਹੋ ਜਾਂਦਾ ਹੈ ਤਦ ਉਹ ਸਭ ਤੋਂ ਕਮਜ਼ੋਰ ਮਹਿਸੂਸ ਕਰਦਾ ਹੈ ਕਿਉਂਕਿ ਉਸਨੂੰ ਨਰਕ ਜਾਣ ਤੋਂ ਪਹਿਲਾਂ ਹੀ ਉਸਦਾ ਅਸਲ ਚੇਹਰਾ ਦਿਖਾਈ ਦਿਮਦਾ ਹੈ। ਜੀਵਨ ਵਿੱਚੋਂ ਦੁਸ਼ਟ ਆਤਮਾ ਨੂੰ ਬਾਹਰ ਕੱਢਣ ਦਾ ਇੱਕੋ ਢੰਗ ਹੈ, ਸਾਡੇ ਮੁਕਤੀਦਾਤਾ ਯਿਸੂ ਮਸੀਹ ਦੇ ਲਹੂ ਅਤੇ ਸਾਡੇ ਵਿਸ਼ਵਾਸ ਨੂੰ ਫੜ੍ਹੀ ਰੱਖਣਾ। ਸ਼ੈਤਾਨ ਇੱਕ ਧੋਖੇਬਾਜ਼ ਹੈ ਜੋ ਮਖੌਟਾ ਲਗਾ ਕੇ ਘੁੰਮ ਰਿਹਾ ਹੈ। 2 ਕੁਰਿੰਥੀਆਂ 2:11 ਵਿਚ ਜੋ ਸ਼ਬਦ ਕਿਹਾ ਗਿਆ ਹੈ ਉਸ ਲਈ ਪਰਮੇਸ਼ੁਰ ਦਾ ਧੰਨਵਾਦ ਕਰੋ: "ਭਈ ਸ਼ੈਤਾਨ ਸਾਡੇ ਨਾਲ ਹੱਥ ਨਾ ਕਰ ਜਾਵੇ ਕਿਉਂ ਜੋ ਅਸੀਂ ਉਸ ਦੀਆਂ ਚਾਲਾਂ ਤੋਂ ਅਨਜਾਣ ਨਹੀਂ"। ਦੁਸ਼ਟ ਨਾਲ ਨਜਿੱਠਣ ਵੇਲੇ ਅਰ ਸ਼ੈਤਾਨ ਨਾਲ ਮੁਕਾਬਲਾ ਕਰਨ ਲਈ, ਸਾਨੂੰ ਨਿਸ਼ਚਤ ਤੌਰ 'ਤੇ ਉਸਦੀਆਂ ਚਾਲਾਂ ਤੋਂ ਜਾਣੂ ਹੋਣਾ ਚਾਹੀਦਾ ਹੈ, ਇਹ ਬਹੁਤ ਜਰੂਰੀ ਹੈ।

## ਦਰਬਾਨ

ਇੱਕ ਦਰਬਾਨ ਦਾ ਕੰਮ ਆਪਣੇ ਮਾਲਕ ਦੇ ਅੱਗੇ ਜਾਣਾ ਅਤੇ ਉਸਦੇ ਅੰਦਰ ਆਉਣ ਲਈ ਦਰਵਾਜ਼ਾ ਖੋਲ੍ਹਣਾ ਹੈ। ਡਰ ਸ਼ੈਤਾਨ ਦਾ ਦਰਬਾਨ ਹੈ। ਕੋਈ ਵੀ ਵੱਡਾ ਕੰਮ ਕਰਨ ਲਈ ਡਰ ਸ਼ੈਤਾਨ ਦਾ ਸਭ ਤੋਂ ਜ਼ਰੂਰੀ ਸਾਧਨ ਹੈ। ਸ਼ੈਤਾਨ ਦੇ ਸਾਰੇ ਸਹਿਯੋਗੀਆਂ ਵਿੱਚੋਂ ਡਰ ਉਸਦਾ ਸਭ ਤੋਂ ਕਰੀਬੀ ਹੈ। ਸ਼ੈਤਾਨ ਕਿਸੇ ਵੀ ਕੰਮ ਨੂੰ ਕਰਨ ਤੋਂ ਪਹਿਲਾਂ ਆਪਣੀਆਂ ਸਾਰੀਆਂ ਯੋਜਨਾਵਾਂ ਨੂੰ ਡਰ ਦੀ ਆਤਮਾ ਨਾਲ ਸਾਂਝਾ ਕਰਦਾ ਹੈ। ਡਰ ਇੱਕ ਦੁਸ਼ਟ ਆਤਮਾ ਹੈ, ਜੋ ਸ਼ੈਤਾਨ ਦੁਆਰਾ ਬੀਜ ਬੀਜਣ ਤੋਂ ਪਹਿਲਾਂ ਜ਼ਮੀਨ ਨੂੰ ਤਿਆਰ ਕਰਦਾ ਹੈ। ਡਰ, ਸ਼ੈਤਾਨ ਦੀ ਕੰਮ ਕਰਨ ਲਈ ਮਾਹੌਲ, ਮਾਧਿਅਮ ਅਤੇ ਵਾਤਾਵਰਣ ਬਣਾਉਂਦਾ ਹੈ। ਸਾਨੂੰ ਅੱਯੂਬ ਦੇ ਜੀਵਨ ਵਿੱਚ ਇਹ ਵੇਖਣ ਨੂੰ ਮਿਲਦਾ ਹੈ: ... ਜਿਸਤੋਂ ਮੈਂ ਡਰਦਾ ਸੀ ਓਹੀ ਮੇਰੇ ਉੱਤੇ ਆ ਪਿਆ। ਜਿਵੇਂ ਵਿਸ਼ਵਾਸ ਜੀਵਨ ਵਿੱਚ ਪ੍ਰਮਾਤਮਾ ਦੀਆਂ ਅਦ੍ਰਿਸ਼ ਬਰਕਤਾਂ ਨੂੰ ਲਿਆਉਂਦਾ ਹੈ, ਡਰ ਸ਼ੈਤਾਨ ਦੀਆਂ ਅਦ੍ਰਿਸ਼ ਚੀਜ਼ਾਂ ਨੂੰ ਜੀਵਨ ਵਿੱਚ ਲਿਆਉਂਦਾ ਹੈ। ਸ਼ੈਤਾਨ ਨੇ ਆਪਣੀ ਸਾਰੀ ਬੁਰਾਈ ਅਤੇ ਵਿਨਾਸ਼ ਨੂੰ ਇੱਕ ਵਿਅਕਤੀ ਦੇ ਜੀਵਨ ਵਿੱਚ ਲਿਜਾਣ ਲਈ ਡਰ ਨੂੰ 'ਪੁਲ' ਵਾਂਗ ਵਰਤਦਾ ਹੈ।

ਸ਼ੈਤਾਨ ਇੱਕ ਵਿਚਾਰ ਦੇ ਰਾਹੀਂ ਆਪਣਾ ਰਸਤਾ ਤਿਆਰ ਕਰਦਾ ਹੈ। ਹਮੇਸ਼ਾ ਡਰਾਉਣੇ ਵਿਚਾਰਾਂ ਦਾ ਵਿਰੋਧ ਕਰੋ, ਅਸਵੀਕਾਰ ਕਰੋ ਅਤੇ ਦੂਰ ਕਰੋ। ਉਨ੍ਹਾਂ ਨੂੰ ਕਦੇ ਵੀ ਸਵੀਕਾਰ ਨਾ ਕਰੋ। ਯਿਸੂ ਦੇ ਨਾਮ ਵਿੱਚ ਆਪਣੇ ਪਵਿੱਤਰਤਾ ਨਾਲ ਭਰੇ ਜੀਵਨ ਦੁਆਰਾ ਡਰ ਦੀ ਇਸ ਆਤਮਾ ਨੂੰ ਦੂਰ ਕਰੋ। ਡਰ ਨੂੰ ਕਦੇ ਸਵੀਕਾਰ ਨਾ ਕਰੋ। ਡਰ ਵਾਲੀਆਂ ਗੱਲਾਂ ਬੋਲਣਾ ਡਰ ਨੂੰ ਉਤਸ਼ਾਹਿਤ ਕਰਦਾ ਹੈ।

## ਮਰੋੜੇ ਸ਼ਬਦ

"ਉਹ ਸਾਰਾ ਦਿਨ ਮੇਰੀਆਂ ਗੱਲਾਂ ਨੂੰ ਪਲਟਾਉਂਦੇ ਰਹਿੰਦੇ ਹਨ, ਉਨ੍ਹਾਂ ਦੇ ਸਾਰੇ ਉਪਾਓ ਮੇਰਾ ਬੁਰਾ ਕਰਨ ਦੇ ਹਨ" (ਜ਼ਬੂਰ 56:5)।

ਸਾਡੇ ਵਿੱਚੋਂ ਕਈਆਂ ਲਈ ਵੱਖ-ਵੱਖ ਤਰੀਕਿਆਂ ਨਾਲ ਮੁਸ਼ਕਲਾਂ ਪੈਦਾ ਹੁੰਦੀਆਂ ਹਨ। ਸਾਨੂੰ ਉਸ ਚੀਜ਼ ਲਈ ਦੋਸ਼ੀ ਠਹਿਰਾਇਆ ਜਾ ਸਕਦਾ ਹੈ ਜੋ ਅਸੀਂ ਆਪਣੇ ਕੰਮ ਵਾਲੀ ਥਾਂ 'ਤੇ ਆਖੀ ਹੀ ਨਹੀਂ। ਦਾਊਦ ਦੇ ਸ਼ਬਦਾਂ ਨੂੰ ਵੀ ਤੋੜ-ਮਰੋੜ ਕੇ ਉਸਨੂੰ ਦੋਸ਼ੀ ਠਹਿਰਾਇਆ ਜਾਂਦਾ ਸੀ। ਇਹ ਉਸਦਾ ਸਿਰਫ਼ ਇੱਕ ਦਿਨ ਦਾ ਨਹੀਂ, ਸਗੋਂ ਰੋਜ਼ਾਨਾ ਦਾ ਅਨੁਭਵ ਸੀ।

ਭਾਵੇਂ ਸਾਡੇ ਰੋਜ਼ਾਨਾ ਜੀਵਨ ਵਿੱਚ ਅਜਿਹੇ ਹਾਲਾਤ ਪੈਦਾ ਹੁੰਦੇ ਹਨ, ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਹੈ ਕਿ ਸਾਡਾ ਖ਼ੁਦਾ ਜੋ ਇਨ੍ਹਾਂ ਸਾਰੀਆਂ ਬੁਰਾਈਆਂ ਨੂੰ ਭਲਾਈ ਵਿੱਚ ਬਦਲ ਸਕਦਾ ਹੈ, ਹਮੇਸ਼ਾ ਸਾਡੇ ਨਾਲ ਹੈ। ਅਸੀਂ ਜ਼ਬੂਰਾਂ ਦੀ ਪੋਥੀ 34:19 ਵਿੱਚ ਪੜ੍ਹਦੇ ਹਾਂ, "ਧਰਮੀ ਦੀਆਂ ਮੁਸੀਬਤਾਂ ਬਹੁਤ ਹਨ, ਪਰ ਯਹੋਵਾਹ ਉਸ ਨੂੰ ਉਨ੍ਹਾਂ ਸਾਰੀਆਂ ਵਿੱਚੋਂ ਛੁਡਾ ਲੈਂਦਾ ਹੈ"। ਜਦੋਂ ਅਸੀਂ ਔਖੇ ਸਮੇਂ ਵਿੱਚੋਂ ਲੰਘਦੇ ਹਾਂ, ਤਾਂ ਸਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਹ ਸਾਡੀ ਜ਼ਿੰਦਗੀ ਦਾ ਅੰਤ ਹੈ। ਸਾਨੂੰ ਇਹ ਸਮਝਣਾ ਚਾਹੀਦਾ ਹੈ ਕਿ ਇੱਕ ਨੇਕ ਆਦਮੀ ਨੂੰ ਬਹੁਤ ਸਾਰੀਆਂ ਬੁਰਾਈਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਪ੍ਰਮੇਸ਼ਵਰ ਉਸਨੂੰ ਹਰ ਸਥਿਤੀ ਤੋਂ ਛੁਡਾਉਂਦਾ ਹੈ ਅਤੇ ਉਸਨੂੰ ਖੁਸ਼ਹਾਲ ਜੀਵਨ ਦਿੰਦਾ ਹੈ। ਪਰ ਕੀ ਤੁਸੀਂ ਇੱਕ ਧਰਮੀ ਵਿਅਕਤੀ ਹੋ? ਕੀ ਪ੍ਰਭੂ ਯਿਸੂ ਮਸੀਹ ਦੁਆਰਾ ਤੁਹਾਡੇ ਪਾਪ ਮਾਫ਼ ਕੀਤੇ ਗਏ ਹਨ? ਕੀ ਤੁਸੀਂ ਇਮਾਨਦਾਰੀ ਨਾਲ ਜੀਵਨ ਜੀਊਂਦੇ ਹੋਏ, ਬਿਨਾਂ ਕਿਸੇ ਪਾਪ ਦੇ ਜੀਵਨ ਜੀ ਰਹੇ ਹੋ? ਇਹ ਸਭ ਬਹੁਤ ਮਹੱਤਵਪੂਰਨ ਹੈ।

ਪ੍ਰਾਰਥਨਾ ਦੇ ਅਨੁਸਾਰ, "ਸਾਨੂੰ ਉਨੇਂ ਦਿਨ ਅਨੰਦ ਕਰਵਾ ਜਿੰਨਾਂ ਚਿਰ ਤੈਂ ਸਾਨੂੰ ਦੁਖੀ ਰੱਖਿਆ ਹੈ ਅਤੇ ਜਿੰਨੇਂ ਵਰ੍ਹੇ ਅਸੀਂ ਬੁਰਿਆਈ ਵੇਖੀ ਹੈ" (ਜ਼ਬੂਰ 90:15), ਪਰਮੇਸ਼ੁਰ ਸਾਡੀਆਂ ਸਾਰੀਆਂ ਗੁਆਚੀਆਂ ਚੀਜ਼ਾਂ ਦੀ ਭਰਪਾਈ ਕਰਨ, ਅਸੀਸ ਦੇਣ ਅਰ ਸਾਨੂੰ ਲੰਬੀ ਉਮਰ ਤੇ ਅਨੰਦ ਦੇਣ ਲਈ ਸਮਰੱਥ ਹੈ। ਜਦੋਂ ਤੁਸੀਂ ਧਰਮੀ ਹੋਣ ਕਰਕੇ ਦੁੱਖ ਭੋਗਦੇ ਹੋ, ਤਾਂ ਤੁਹਾਡੀ ਉਮਰ ਵਧ ਜਾਂਦੀ ਹੈ। ਨਾ ਡਰੋ!

ਬਿਪਤਾ ਦੇ ਦਿਨਾਂ ਵਿਚ, ਬਿਪਤਾ ਦੇ ਦਿਨਾਂ ਵਿਚ
ਯਕੀਨਨ ਮੈਂ ਯਿਸੂ ਮਸੀਹ ਉੱਤੇ ਵਿਸ਼ਵਾਸ ਰੱਖਾਂਗਾ, ਯਕੀਨਨ ਮੈਂ ਯਿਸੂ ਮਸੀਹ ਉੱਤੇ ਵਿਸ਼ਵਾਸ ਰੱਖਾਂਗਾ।
ਡਰ ਦੇ ਦਿਨਾਂ ਵਿਚ, ਡਰ ਦੇ ਦਿਨਾਂ ਵਿਚ
ਯਕੀਨਨ ਮੈਂ ਯਿਸੂ ਮਸੀਹ ਨੂੰ ਪਿਆਰ ਕਰਾਂਗਾ, ਯਕੀਨਨ ਮੈਂ ਯਿਸੂ ਮਸੀਹ ਨੂੰ ਪਿਆਰ ਕਰਾਂਗਾ।

ਤੁਹਾਡੇ ਮੂੰਹ ਵਿੱਚ ਵਿਸ਼ਵਾਸ ਅਤੇ ਉਮੀਦ ਦੇ ਸ਼ਬਦ ਜ਼ਰੂਰ ਤੁਹਾਡੇ ਦਿਲ ਵਿੱਚ ਖੁਸ਼ੀ ਅਤੇ ਭਰੋਸੇ ਨੂੰ ਲਿਆਉਣਗੇ।

ਆਮ ਤੌਰ 'ਤੇ ਜਦੋਂ ਅਸੀਂ ਵੱਡੀਆਂ ਮੁਸੀਬਤਾਂ ਦੇ ਬੋਝ ਹੇਠ ਦੱਬੇ ਹੁੰਦੇ ਹਾਂ, ਤਾਂ ਜੋ ਸ਼ਬਦ ਅਸੀਂ ਬੋਲਦੇ ਹਾਂ ਉਹ ਚੰਗੇ ਸ਼ਬਦ ਨਹੀਂ ਹੁੰਦੇ। ਭਾਵੇਂ ਅਸੀਂ ਚੰਗੇ ਅਨੁਭਵੀ ਮਸੀਹੀ ਹੋ ਸਕਦੇ ਹਾਂ, ਅਸੀਂ ਕਈ ਵਾਰ ਹੇਠਾਂ ਦਿੱਤੇ ਸ਼ਬਦ ਕਹਿੰਦੇ ਹਾਂ:

1. ਪ੍ਰਭੂ ਨੇ ਮੇਰੀਆਂ ਪ੍ਰਾਰਥਨਾਵਾਂ ਨਹੀਂ ਸੁਣੀਆਂ (ਅੱਯੂਬ 30:20)
2. ਪ੍ਰਭੂ ਮੇਰੇ ਨਾਲ ਸਖ਼ਤੀ ਕਰਦਾ ਹੈ (ਅੱਯੂਬ 30:20)

(ਚਲਦਾ ਸਫਾ 9-)



# ਟੋਏ ਤੋਂ ਮਹੱਲ ਤੱਕ

## PIT TO PALACE

(ਪਾਦਰੀ ਐਸ. ਸੈਮ ਸੇਲਵਾ ਰਾਜ ਦੀ ਜ਼ਿੰਦਗੀ ਦੇ ਅਨੁਭਵ)

"ਜਿਹੜਾ ਪੜ੍ਹੇ, ਉਹ ਸਮਝੇ" (ਮੱਤੀ ੨੪:੧੫)


## ਮੇਰੇ ਜਵਾਨ ਦਿਲ ਦੀ ਧੜਕਣ ਅਤੇ ਖੂਨ ਦਾ ਸੰਚਾਰ ਸਿਰਫ ਮੇਰੇ ਯਿਸੂ, ਮੇਰੇ ਸਿਰਜਣਹਾਰ ਲਈ ਸੀ !!

ਸਾਲ 1967 ਵਿਚ ਸਿਸ. ਏਮੀਯਾਮਲ ਸੰਨਿਆਸੀਨੀ ਅੰਮਾਲ ਜੋ ਇੱਕ ਮਾਨਯੋਗ ਮਿਸ਼ਨਰੀ ਪ੍ਰਚਾਰਕ ਸੀ, ਨੇ ਮੈਮੋਰੀਅਲ ਹਾਲ, ਨੇਯੂਰ ਵਿਖੇ 3 ਦਿਨਾਂ ਲਈ ਇੰਜੀਲ ਮੀਟਿੰਗਾਂ ਦਾ ਆਯੋਜਨ ਕੀਤਾ। ਮੇਰੀ ਮੁਢਲੀ ਵਿੱਦਿਆ ਉਸ ਕਸਬੇ ਵਿੱਚ ਹੋਈ ਸੀ। ਉਹ ਬਹੁਤ ਬਜ਼ੁਰਗ ਔਰਤ ਸੀ। 'ਨਾਜ਼ਰਥ ਪ੍ਰਾਰਥਨਾ ਫੈਲੋਸ਼ਿਪ' ਤੋਂ ਕੁਝ ਭਰਾ ਜਿਵੇਂ ਬ੍ਰ. ਮਾਈਕਲ ਚੇਲਾਦੁਰਾਈ, ਬ੍ਰ. ਜੌਨ ਵਾਈਕਲਿਫ, ਬ੍ਰ. ਜੋਸ਼ੂਆ ਗਿਆਨਦੁਰਾਈ ਅਤੇ ਬ੍ਰ. ਜੌਨ ਕੋਇਲਪਿਚਾਈ, ਪਰਮੇਸ਼ੁਰ ਦੇ ਹੋਰ ਸੇਵਕਾਂ ਦੇ ਨਾਲ ਆਏ ਅਤੇ ਯਿਸੂ ਮਸੀਹ ਦਾ ਪ੍ਰਚਾਰ ਕੀਤਾ ਅਰ ਗਵਾਹੀਆਂ ਸਾਂਝੀਆਂ ਕੀਤੀਆਂ।



Sis. Emiyammal Sanyasini Ammal

ਸਿਸ. ਏਮੀਯਾਮਲ ਸੰਨਿਆਸੀਨੀ ਅੰਮਾਲ ਨੇ ਮੈਨੂੰ ਉਹਨਾਂ ਪ੍ਰਚਾਰਕਾਂ ਦੀ ਮਦਦ ਅਤੇ ਸੇਵਾ ਕਰਨ ਦਾ ਜਿੰਮਾ ਸੌਂਪਿਆ। ਮੈਂ ਉਨ੍ਹਾਂ ਲਈ ਪਾਣੀ ਦਾ ਪ੍ਰਬੰਧ ਕਰਦਾ ਸੀ, ਉਨ੍ਹਾਂ ਦੇ ਕੱਪੜੇ ਧੋਂਦਾ ਸੀ, ਉਨ੍ਹਾਂ ਦੇ ਜੁੱਤੇ ਸਾਫ਼ ਕਰਦਾ ਸੀ, ਉਨ੍ਹਾਂ ਲਈ ਭੋਜਨ ਦਾ ਪ੍ਰਬੰਧ ਕਰਦਾ ਸੀ ਅਤੇ ਕੋਈ ਵੀ ਕੰਮ ਕਰਨ ਲਈ ਉਨ੍ਹਾਂ ਦੇ ਨਾਲ ਹੁੰਦਾ ਸੀ। ਉਹ ਐਂਗਲੋ ਇੰਡੀਜੀਨਸ ਕਲੀਨਿਕ ਦੀ ਉੱਪਰਲੀ ਮੰਜ਼ਿਲ ਵਿੱਚ ਰਹਿ ਰਹੇ ਸਨ ਜੋ ਕਿ ਨੇਯੂਰ ਦੇ ਡਾਕਟਰ ਅਯਾਦੁਰਾਈ ਨਾਲ ਸਬੰਧਤ ਸੀ। ਡਾ. ਡੀ. ਅਯਾਦੁਰਾਈ ਸੇਵਕਾਈ ਲਈ ਵੱਡਾ ਜਜ਼ਬਾ ਰੱਖਦੇ ਸਨ ਅਤੇ ਉਹ ਪ੍ਰਭੂ ਦੇ ਸੇਵਕਾਂ ਨੂੰ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਦੀ ਮਦਦ ਕਰਦੇ ਸਨ। ਉਨ੍ਹਾਂ ਦੇ ਛੋਟੇ ਭਰਾ ਡਾ. ਡੀ. ਸਾਈਮਨ, ਜੋ ਕਿ ਸ਼ਿਸ਼ੂ ਵੈਦਿਆ ਆਸ਼ਰਮ ਦੇ ਨਾਮ ਨਾਲ ਬੱਚਿਆਂ ਦਾ ਹਸਪਤਾਲ ਚਲਾ ਰਹੇ ਸਨ, ਨੇ ਮੈਨੂੰ ਬਹੁਤ ਪਿਆਰ ਕੀਤਾ ਅਤੇ ਉਤਸ਼ਾਹਿਤ ਕੀਤਾ। ਇੱਕ ਵਾਰ ਉਨ੍ਹਾਂ ਮੇਰੇ ਵੱਲ ਦੇਖਿਆ ਅਤੇ ਕਿਹਾ, "ਤੁਹਾਡੇ ਵਿੱਚ ਕੁਝ ਖਾਸ ਹੈ।" ਇਸ ਤਰ੍ਹਾਂ ਉਨ੍ਹਾਂ ਨੇ ਮੇਰੀ ਤਾਰੀਫ਼ ਕੀਤੀ। ਮੈਂ ਉਸ ਸਮੇਂ 18 ਸਾਲਾਂ ਦਾ ਸੀ।



Bro. John Wycliffe



Dr. D. Ayyadurai



Dr. D. Simon

ਉਨ੍ਹਾਂ ਮੀਟਿੰਗਾਂ ਵਿੱਚ, ਨਾਜ਼ਰੇਥ ਪ੍ਰਾਰਥਨਾ ਫੈਲੋਸ਼ਿਪ ਦੇ ਨੌਜਵਾਨ ਪ੍ਰਚਾਰਕਾਂ ਨੇ ਦੱਸਿਆ ਕਿ ਕਿਵੇਂ ਉਨ੍ਹਾਂ ਨੂੰ ਯਿਸੂ ਮਸੀਹ ਦੁਆਰਾ ਬਚਾਇਆ ਗਿਆ ਅਤੇ



Bro. Joshua Gnanadurai, Bro. Michael Chelladurai, Mr. John Arputharaj

ਦੁਨਿਆਵੀ ਪਾਪਾਂ ਤੋਂ ਅਰ ਸਿਨੇਮਾ ਵੇਖਣ ਤੋਂ ਛੁਟਕਾਰਾ ਮਿਲਿਆ। ਉਨ੍ਹਾਂ ਨੇ ਗਵਾਹੀ ਦਿੱਤੀ ਕਿ ਕਿਵੇਂ ਉਹ ਦੁਨਿਆਵੀ ਕਾਮਨਾਵਾਂ ਤੋਂ ਬਚੇ ਸਨ ਜੋ ਉਨ੍ਹਾਂ ਦੇ ਜਵਾਨੀ ਦੇ ਦਿਨਾਂ ਵਿੱਚ ਬੁਰੇ ਪ੍ਰਭਾਵਾਂ ਦਾ ਕਾਰਨ ਬਣਦੀਆਂ ਸਨ। ਉਨ੍ਹਾਂ ਨੇ ਦੱਸਿਆ ਕਿ ਪ੍ਰਭੂ ਯਿਸੂ ਮਸੀਹ ਵਿੱਚ ਪਵਿੱਤਰ ਜੀਵਨ ਬਤੀਤ ਕਰਕੇ ਹੀ ਮਨੁੱਖ ਖੁਸ਼ੀ ਪ੍ਰਾਪਤ ਕਰ ਸਕਦਾ ਹੈ। ਉਹਨਾਂ ਮੀਟਿੰਗਾਂ ਦੇ ਆਖਰੀ ਦਿਨ ਵਿੱਚ ਮੈਨੂੰ ਆਪਣੇ ਪਾਪੀ ਜੀਵਨ ਦਾ ਅਹਿਸਾਸ ਹੋਇਆ ਮੈਂ ਅਤੇ ਪ੍ਰਭੂ ਯਿਸੂ ਮਸੀਹ ਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕੀਤਾ। ਮੈਂ ਪਵਿੱਤਰ ਜੀਵਨ ਨੂੰ ਪਿਆਰ ਕਰਨ ਲੱਗਾ। ਮੈਂ ਬਿਨਾਂ ਸ਼ਰਤ ਫੈਸਲਾ ਲਿਆ ਕਿ ਮੈਨੂੰ ਇੱਕ ਮੁਬਾਰਕ ਜੀਵਨ ਜੀਊਣਾ ਚਾਹੀਦਾ ਹੈ ਅਤੇ ਪ੍ਰਮੇਸ਼ਵਰ ਲਈ ਕੁਝ ਕਰਨਾ ਚਾਹੀਦਾ ਹੈ। ਇਸ ਭਾਵਨਾ ਨੇ ਮੈਨੂੰ ਪ੍ਰਭੂ ਯਿਸੂ ਮਸੀਹ ਦੀ ਸੇਵਾ ਕਰਨ ਲਈ ਪ੍ਰੇਰਿਤ ਕੀਤਾ। ਉਸ ਦਿਨ ਮੈਂ ਆਪਣੇ ਪਾਪਾਂ ਤੋਂ ਤੋਬਾ ਕੀਤੀ, ਉਹਨਾਂ ਨੂੰ ਪ੍ਰਮੇਸ਼ਵਰ ਅੱਗੇ ਮੰਨਿਆ ਅਤੇ ਆਪਣੀ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਪ੍ਰਭੂ ਅਤੇ ਮੁਕਤੀਦਾਤਾ ਯਿਸੂ ਮਸੀਹ ਨੂੰ ਸੌਂਪ ਦਿੱਤਾ। ਮੈਨੂੰ ਜੀਵਤ ਪ੍ਰਮੇਸ਼ਵਰ ਯਿਸੂ ਮਸੀਹ ਦੁਆਰਾ ਮੁਕਤੀ ਦੀ ਅਸੀਸ ਪ੍ਰਾਪਤ ਹੋਈ। "... ਬੁੱਧ ਦੇ ਨਵੇਂ ਹੋਣ ਕਰਕੇ ਬਦਲਦੇ ਜਾਓ..." (ਰੋਮੀਆਂ 12:2)।

ਇਹਨਾਂ ਮੀਟਿੰਗਾਂ ਦੇ ਅੰਤ ਵਿੱਚ ਨਾਜ਼ਰੇਥ ਪ੍ਰਾਰਥਨਾ ਫੈਲੋਸ਼ਿਪ ਦੇ ਪਰਮੇਸ਼ੁਰ ਦੇ ਸੇਵਕਾਂ ਅੰਦਰ ਮੇਰੇ ਲਈ ਡੂੰਘਾ ਪਿਆਰ ਅਤੇ ਚਿੰਤਾ ਪੈਦਾ ਹੋਈ ਅਤੇ ਉਨ੍ਹਾਂ ਨੇ ਮੈਨੂੰ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਸਥਾਨ 'ਤੇ ਜਾਣ ਲਈ ਸੱਦਾ ਦਿੱਤਾ। ਇਸ ਲਈ ਮੈਂ ਆਪਣੇ ਮਾਤਾ-ਪਿਤਾ ਤੋਂ ਉਨ੍ਹਾਂ ਦੇ ਨਾਲ ਜਾਣ ਦੀ ਇਜਾਜ਼ਤ ਲੈ ਲਈ। ਉਹ ਮੈਨੂੰ ਤਿਰੂਨੇਲਵੇਲੀ ਜ਼ਿਲ੍ਹੇ ਦੇ ਕਸਬੇ ਨਾਜ਼ਰੇਥ ਲੈ ਗਏ। ਮਿਸ਼ਨਰੀ ਪ੍ਰਚਾਰਕ, ਸਿਸ. ਏਮਿਯਾਮਲ ਸੰਨਿਆਸੀਨੀ ਅੰਮਾਲ ਵੀ ਸਾਡੇ ਨਾਲ ਸਨ।


### ਸਰਬੋਤਮ ਅਨੁਭਵ! ਨਾਜ਼ਰੇਥ ਪ੍ਰਾਰਥਨਾ ਫੈਲੋਸ਼ਿਪ!

ਇਹ ਇੱਕ ਛੱਤ ਵਾਲਾ ਸ਼ੈੱਡ ਸੀ। ਉਸ ਸ਼ੈੱਡ ਵਿੱਚ, ਮਾਰਗੋਸ਼ਿਸ ਸਕੂਲ ਅਤੇ ਕਾਲਜ ਦੇ ਉੱਚ ਸਿੱਖਿਆ ਪ੍ਰਾਪਤ ਵਿਦਿਆਰਥੀ, ਅਧਿਆਪਕ,

ਲੈਕਚਰਾਰ ਅਤੇ ਹੋਰ ਬਹੁਤ ਸਾਰੇ ਜੋਸ਼ੀਲੇ ਵਿਅਕਤੀ ਰੋਜ਼ਾਨਾ ਸ਼ਾਮ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਸਨ। ਸਾਦਾ ਨਾਸ਼ਤਾ ਪਰੋਸਿਆ ਜਾਂਦਾ ਸੀ!!! ਦੁਪਹਿਰ ਦੇ ਖਾਣੇ ਲਈ 'ਸਾਂਬਰ' (ਸਬਜ਼ੀਆਂ ਦਾ ਸਟਿਊ) ਅਤੇ ਸਵਾਦ 'ਰਸਮ' (ਸਬਜ਼ੀਆਂ ਦਾ ਸੂਪ) ਚਾਵਲਾਂ ਦੇ ਨਾਲ ਦਿੱਤਾ ਗਿਆ। ਰਾਤ ਨੂੰ ਬਹੁਤ ਹੀ ਸੁਆਦੀ 'ਰਸਮ' ਵਾਲੇ ਚਾਵਲ ਵੀ ਪਰੋਸੇ ਗਏ। ਇਹ ਮੇਰੇ ਲਈ ਇੱਕ ਸ਼ਾਨਦਾਰ ਅਨੁਭਵ ਸੀ। ਮੈਂ ਰਾਤ ਦਿਨ ਉਸ ਛੱਤ ਵਾਲੇ ਸ਼ੈੱਡ ਵਿੱਚ ਪ੍ਰਭੂ ਦੀ ਮੌਜੂਦਗੀ ਨੂੰ ਮਹਿਸੂਸ ਕਰ ਸਕਦਾ ਸੀ। ਮੈਂ ਉਸ ਥਾਂ 'ਤੇ ਰੱਬ ਦੇ ਸੇਵਕਾਂ ਦੇ ਜੀਵਨਾਂ ਅਤੇ ਗਤੀਵਿਧੀਆਂ ਦੁਆਰਾ ਖਿੱਚਿਆ ਗਿਆ। ਮੈਂ ਸੁਣਿਆ ਸੀ ਕਿ ਉੱਥੋਂ ਕਈ ਮਹਾਨ ਅਧਿਆਤਮਿਕ ਯੋਗਤਾ ਵਾਲੇ ਮਹਾਨ ਲੀਡਰ ਪੈਦਾ ਹੋਏ ਸਨ। ਉਨ੍ਹਾਂ ਵਰਗਾ ਬਣਨ ਦੀ ਖਾਹਿਸ਼ ਮੇਰੇ ਅੰਦਰ ਦਿਨੋਂ-ਦਿਨ ਪ੍ਰਬਲ ਹੁੰਦੀ ਗਈ।

## "ਥੇਰੀ!" ਇੱਕ ਏਕਾਂਤ ਥਾਂ ਵਿਖੇ ਅਨੁਭਵ!!

ਹਰ ਰੋਜ਼ ਸ਼ਾਮ 5 ਵਜੇ ਤੋਂ 8 ਵਜੇ ਦੇ ਵਿਚਕਾਰ ਸਾਰੇ ਮੈਂਬਰ 'ਥੇਰੀ' ਨਾਮਕ ਜਗ੍ਹਾ 'ਤੇ ਇਕੱਠੇ ਹੁੰਦੇ ਸਨ। ਇਹ ਲਾਲ ਮਿੱਟੀ ਵਾਲੀ ਇੱਕ ਉਜਾੜ ਇਕਾਂਤ ਜਗ੍ਹਾ ਸੀ। ਇੱਥੇ ਉਹ ਨਿੱਜੀ ਪ੍ਰਾਰਥਨਾ, ਬਾਈਬਲ ਪੜ੍ਹਨਾਂ, ਸਮੂਹਿਕ ਪ੍ਰਾਰਥਨਾਵਾਂ ਅਰ ਗਵਾਹੀਆਂ ਸਾਂਝੀਆਂ ਕਰਦੇ ਸਨ। ਉਨ੍ਹਾਂ ਨੇ ਮੈਨੂੰ ਵੀ ਉਨ੍ਹਾਂ ਪ੍ਰਾਰਥਨਾਵਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦਿੱਤੀ ਅਤੇ ਮੈਨੂੰ ਪ੍ਰਾਰਥਨਾਪੂਰਨ ਜੀਵਨ ਜੀਣ ਅਤੇ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਜੀਣ ਦੀ ਜੀਵਨ ਸ਼ੈਲੀ ਦਾ ਰਾਜ਼ ਸਿਖਾਇਆ। ਮੈਨੂੰ ਅਜੇ ਵੀ ਉਨ੍ਹਾਂ ਵਿੱਚੋਂ ਕੁਝ ਲੋਕ ਯਾਦ ਹਨ: ਬ੍ਰ. ਸੰਤਾ ਕੁਮਾਰ, ਬ੍ਰ. ਜੈਕਬ ਸੇਲਵਾਰਾਜ, ਬ੍ਰ. ਜੌਹਨ ਅਰਪੁਥਰਾਜ, ਬ੍ਰ. ਪੈਕੀਆਰਾਜ, ਬ੍ਰ. ਫਿਲਿਪ ਜੈਸਿੰਘ, ਬ੍ਰ. ਗੁਣਾ ਸੇਕਰ, ਬ੍ਰ. ਕੁਮਾਰਧਸ (ਥਨਕਸੀ), ਬ੍ਰ. ਕੁਮਾਰਧਸ (ਬੰਗਲੌਰ), ਬ੍ਰ. ਇਮੈਨੁਅਲ, ਬ੍ਰ. ਕੁਮਾਰ, ਭਰਾ ਸਟੈਨਲੀ, ਬ੍ਰ. ਡੈਨੀਅਲ, ਬ੍ਰ. ਗਿਡੀਓਨ, ਬ੍ਰ. ਸੈਮੂਅਲ, ਬ੍ਰ. ਟਿਮੋਥੀ, ਭਰਾ ਮਾਨਿਕਮ, ਬ੍ਰ. ਕਾਲੇਬ ਪਾਲ ਪਾਂਡਿਅਨ, ਬ੍ਰ. ਜੋਸਫ ਗੁਣਾਸਿੰਘ, ਬ੍ਰ. ਟਾਈਟਸ ਮਾਰੀਆ ਸੁੰਦਰਮ, ਬ੍ਰ. ਬੈਨੀ, ਬ੍ਰ. ਜੋਤੀ ਪੰਡੀਅਨ ਆਦਿ ਸ਼ਾਮਲ ਹਨ।



Bro. John Koilpitchai



Bro. R. Stanley (Blessing Youth Mission)

15 ਦਿਨਾਂ ਬਾਅਦ ਸਿਸ. ਐਮੀਯਾਮਲ ਸੰਨਿਆਸੀਨੀ ਅੰਮਾਲ ਮੈਨੂੰ ਮੇਰੇ ਸਥਾਨ 'ਤੇ ਵਾਪਸ ਲੈਣ ਲਈ ਆਈ. ਰੱਬ ਦੇ ਸੇਵਕਾਂ ਨੇ ਹੰਝੂਆਂ ਨਾਲ ਪ੍ਰਾਰਥਨਾ ਕੀਤੀ।

ਉਸ ਸਮੇਂ, ਬ੍ਰ. ਮਾਈਕਲ ਚੇਲਾਦੁਰਾਈ, ਬ੍ਰ. ਜੌਨ ਵਾਈਕਲਿਫ, ਬ੍ਰ. ਜੋਸ਼ੂਆ ਗਿਆਨਦੁਰਾਈ, ਬ੍ਰ. ਜੌਨ ਕੋਇਲਪਿਚਾਈ ਅਤੇ ਪ੍ਰਭੂ ਦੇ ਹੋਰ ਸੀਨੀਅਰ ਸੇਵਕਾਂ ਨੇ ਮੇਰੇ ਉੱਤੇ ਹੱਥ ਰੱਖੇ ਅਤੇ ਮੇਰੇ ਲਈ ਪ੍ਰਾਰਥਨਾ ਕੀਤੀ। ਉਸ ਪ੍ਰਾਰਥਨਾ ਦੇ ਦੌਰਾਨ ਉਨ੍ਹਾਂ ਵਿੱਚੋਂ ਇੱਕ ਨੇ ਇਸ ਤਰ੍ਹਾਂ ਭਵਿੱਖਬਾਣੀ ਕੀਤੀ:

"ਓ! ਪੁੱਤਰ ਸੈਮ ਸੇਲਵਾ ਰਾਜ! ਮੈਂ ਤੁਹਾਨੂੰ ਆਪਣੇ ਲਈ ਚੁਣਿਆ



Nazareth Prayer Fellowship - 1967

ਹੈ। ਮੈਂ ਤੁਹਾਡੇ ਰਾਹੀਂ ਮਹਾਨ ਕੰਮ ਕਰਨ ਜਾ ਰਿਹਾ ਹਾਂ। ਤੁਹਾਡੇ ਨਾਮ ਦੇ ਅਨੁਸਾਰ, ਮੈਂ ਤੁਹਾਨੂੰ ਬਾਈਬਲ ਵਿੱਚ ਸਮੂਏਲ ਵਾਂਗ ਇੱਕ ਨਬੀ ਅਤੇ ਇੱਕ ਤਾਕਤਵਰ ਆਦਮੀ ਵਜੋਂ ਉੱਚਾ ਚੁੱਕਾਂਗਾ। ਮੈਂ ਤੁਹਾਨੂੰ ਇੱਕ ਪਿਤਾ ਬਣਾਵਾਂਗਾ ਜੋ ਬਹੁਤ ਸਾਰੇ ਲੋਕਾਂ ਨੂੰ ਭੋਜਨ ਦੇਵੇਗਾ। ਤੁਸੀਂ ਪਰਮੇਸ਼ੁਰ ਦੇ ਸੇਵਕ ਹੋਣ ਕਰਕੇ ਕਦੇ ਸ਼ਰਮਿੰਦਾ ਨਹੀਂ ਹੋਵੋਗੇ ਅਤੇ ਪ੍ਰਭੂ ਯਿਸੂ ਮਸੀਹ ਲਈ ਇੱਕ ਦਲੇਰ ਆਗੂ ਬਣੋਗੇ। ਮੈਂ ਤੁਹਾਡੇ ਨਾਲ ਰਹਾਂਗਾ ਅਤੇ ਤੁਹਾਨੂੰ ਉਹ ਸਭ ਕੁਝ ਦੇਵਾਂਗਾ ਜੋ ਤੁਸੀਂ ਚਾਹੁੰਦੇ ਹੋ। ਮੈਂ ਤੁਹਾਨੂੰ ਦੁਨੀਆ ਦੇ ਕਈ ਦੇਸ਼ਾਂ ਵਿੱਚ ਭੇਜਾਂਗਾ ਅਤੇ ਤੁਹਾਡੇ ਰਾਹੀਂ ਆਪਣਾ ਰਾਜ ਸਥਾਪਿਤ ਕਰਾਂਗਾ। ਮੈਂ ਤੁਹਾਨੂੰ ਚੰਗੀ ਸਿਹਤ ਅਤੇ ਭਰਪੂਰ ਸਾਲ ਦਿਆਂਗਾ।" "ਕਿਉਂਕਿ ਤੂੰ ਮੇਰੀ ਨਿਗਾਹ ਵਿੱਚ ਬਹੁਮੁੱਲਾ ਅਤੇ ਆਦਰਯੋਗ ਹੈਂ ਅਤੇ ਮੈਂ ਤੈਨੂੰ ਪਿਆਰ ਕੀਤਾ, ਮੈਂ ਤੇਰੇ ਬਦਲੇ ਆਦਮੀ ਅਤੇ ਤੇਰੀ ਜਾਨ ਦੇ ਵਟਾਂਦਰੇ ਵਿੱਚ ਉੱਮਤਾਂ ਦਿਆਂਗਾ" (ਯਸਾਯਾਹ 43:4)।



ਇਸ ਤੋਂ ਤੁਰੰਤ ਬਾਅਦ, 1969 ਵਿੱਚ ਪ੍ਰਮੇਸ਼ਵਰ ਨੇ ਮੈਨੂੰ ਉਸਦੇ ਇੱਕ ਨਿਮਰ ਦਾਸ ਦੇ ਰੂਪ ਵਿੱਚ, ਇੱਕ ਮਸ਼ਹੂਰ ਮਸੀਹੀ ਮੈਗਜ਼ੀਨ 'ਹੈਰਾਲਡ ਆਫ਼ ਹਿਜ਼ ਕਮਿੰਗ' ਭਾਰਤ ਦੇ ਚੀਫ਼ ਸੰਪਾਦਕ ਅਰ ਇੱਕ ਮਹਾਨ ਸੇਵਕ, ਰੇਵ. ਐਸ. ਦੇਵਦਾਸਨ ਕੋਲ ਭੇਜਿਆ। ਪ੍ਰਮੇਸ਼ਵਰ ਭਲਾ ਹੈ।

*(...to be continued in August 2022 issue)*

---

(ਚਲਦਾ ਸਫਾ 7 ਤੋਂ)

3. ਪ੍ਰਭੂ ਮੇਰੇ ਲਈ ਬੇਰਹਿਮ ਹੈ (ਅੱਯੂਬ 30:21)
4. ਪ੍ਰਭੂ ਮੇਰੇ ਨਾਲ ਦੁਸ਼ਮਣ ਵਾਂਗ ਪੇਸ਼ ਆਉਂਦਾ ਹੈ (ਅੱਯੂਬ 30:21)
5. ਪ੍ਰਭੂ ਨੇ ਮੈਨੂੰ ਉੱਚਾ ਕੀਤਾ ਅਤੇ ਫਿਰ ਮੈਨੂੰ ਨੀਵਾਂ ਕੀਤਾ (ਅੱਯੂਬ 30:22)
6. ਭਲਾਈ ਦੀ ਬਜਾਏ, ਮੈਨੂੰ ਬੁਰਾਈ ਮਿਲੀ (ਅੱਯੂਬ 30:26)
7. ਰੋਸ਼ਨੀ ਦੀ ਬਜਾਏ, ਹਨੇਰਾ ਆਇਆ (ਅੱਯੂਬ 30:26)
8. ਮੈਂ ਉਹਨਾਂ ਸਮੱਸਿਆਵਾਂ ਦਾ ਅਨੁਭਵ ਕਰਦਾ ਹਾਂ ਜੋ ਕਿਸੇ ਨੇ ਅਨੁਭਵ ਨਹੀਂ ਕੀਤੀਆਂ ਹਨ
9. ਮੇਰੀ ਜ਼ਿੰਦਗੀ ਦੁੱਖਾਂ ਨਾਲ ਖਤਮ ਹੋ ਗਈ ਹੈ (ਜ਼ਬੂਰ 31:10)
10. ਮੇਰੇ ਦਿਨ ਗਰੀਬੀ ਵਿੱਚ ਗਏ ਹਨ (ਜ਼ਬੂਰ 31:10)।

ਕੀ ਤੁਸੀਂ ਵੀ ਅਜਿਹੀ ਸਥਿਤੀ ਵਿੱਚ ਹੋ? ਨਿਰਾਸ਼ ਨਾ ਹੋਵੋ! ਯਹੋਵਾਹ ਤੁਹਾਡੇ ਲਈ ਵੀ ਅਚਰਜ ਕੰਮ ਕਰੇਗਾ। ਪਰ ਕੁਝ ਚੀਜ਼ਾਂ ਹਨ ਜੋ ਤੁਹਾਨੂੰ ਕਰਨੀਆਂ ਪੈਣਗੀਆਂ:

1. ਬੇਪਰਤੀਤੀ ਦੇ ਸ਼ਬਦ ਨਾ ਬੋਲੋ ਬਲਕਿ ਨਿਹਚਾ ਅਤੇ ਉਮੀਦ ਦੇ ਸ਼ਬਦ ਹੀ ਬੋਲੋ।

2. ਉਹਨਾਂ ਲੋਕਾਂ ਤੋਂ ਬਚੋ ਜੋ ਤੁਹਾਡੇ ਵਿਸ਼ਵਾਸ ਦੇ ਸੰਬੰਧ ਵਿੱਚ ਤੁਹਾਨੂੰ ਉਲਝਾਉਂਦੇ ਹਨ। ਜਦੋਂ ਕਿ, ਉਹਨਾਂ ਲੋਕਾਂ ਨਾਲ ਮਜ਼ਬੂਤ ????ਸੰਗਤੀ ਰੱਖੋ ਜੋ

RNI NO. TNPUN/2000/1914, Postal Regn. No. TN/CH/(C)/192/21-23 WPP NO. TN/PMG(CCR)/WPP-263/21-23

ਤੁਹਾਡੇ ਵਿਸ਼ਵਾਸ ਨੂੰ ਵਧਾਉਂਦੇ ਹਨ। ਉਹਨਾਂ ਲੋਕਾਂ ਨਾਲ ਮਜ਼ਬੂਤ ????ਸੰਗਤੀ ਬਣਾਓ ਜੋ ਤੁਹਾਡੇ ਵਿਸ਼ਵਾਸ ਨੂੰ ਉਤਸਾਹਿਤ ਕਰਦੇ ਅਰ ਇੱਕ ਚੰਗੀ ਗਵਾਹੀ ਵਾਲਾ ਜੀਵਨ ਜੀਣ ਲਈ ਤੁਹਾਡੇ ਨਾਲ ਮਿਲਕੇ ਮੇਹਨਤ ਕਰਦੇ ਹਨ।

3. ਭਾਵੇਂ ਭਲਾਈ ਦੀ ਕੋਈ ਸੰਭਾਵਨਾ ਨਾ ਵੀ ਹੋਵੇ, ਪ੍ਰਭੂ ਅਤੇ ਉਸਦੀ ਚਮਤਕਾਰ ਕਰਨ ਦੀ ਸ਼ਕਤੀ ਵਿੱਚ ਵਿਸ਼ਵਾਸ ਰੱਖੋ; ਉਮੀਦ ਭਰੀਆਂ ਪ੍ਰਾਰਥਨਾਵਾਂ ਦੇ ਨਾਲ ਕੇਵਲ ਉਸ ਉੱਤੇ ਹੀ ਭਰੋਸਾ ਰੱਖੋ। ਚਮਤਕਾਰ ਜ਼ਰੂਰ ਹੋਣਗੇ।

"ਤੁਹਾਡਾ ਸੋਗ ਅਨੰਦ ਵਿੱਚ ਬਦਲ ਜਾਵੇਗਾ!" (ਜ਼ਬੂਰ 30:11)

************

## OUR BANK DETAILS:

### *1. Bank : State Bank of India*

Branch : **Triplicane, Chennai-5**
Name : **S. Sam Selva Raj**
A/C No. : **1023 2934 679**
IFSC : **SBIN 00 00 249**
SWIFT CODE : **SBI NIN BB 455**

### *2. Bank : ICICI Bank*

Branch : **Anna Salai, Chennai-6**
Name : **Echo of His Call**
A/C No. : **6038 0502 2319**
IFSC : **ICIC 000 6038**

### *3. Bank : State Bank of India*

(This Account is for Tax Exemption for Indians only )

Branch : **Triplicane, Chennai-5**
Name : **Echo of His Call Educational Trust**
A/C No. : **1023 2923 805**
IFSC : **SBIN 00 00 249**

**Google Pay: 98410 71858**
**PayPal : SAM SELVA RAJ**
*****
**E.mail : sam@echoofhiscall.org**

# ਬੁਲਾਵੇ ਦੀ ਗੂੰਜ

16 ਭਾਸ਼ਾਵਾਂ ਵਿੱਚ ਮਹੀਨੇਵਾਰ ਪੱਤ੍ਰਿਕਾ, ਬਾਈਬਲ ਕਾਲਜ, ਪੱਤਰ ਵਿਹਾਰ ਕੋਰਸ, ਚਰਚ ਸਥਾਪਨਾ, ਪੇਂਡੂ ਅੰਗਰੇਜ਼ੀ ਹਾਈ ਸਕੂਲ, ਗੌਸਪਲ ਪ੍ਰਿੰਟਿੰਗ ਪ੍ਰੈੱਸ, ਕਰੁਸੇਡ, ਸੈਮੀਨਾਰ, ਸਮਾਜਿਕ ਸੇਵਾਵਾਂ ਆਦਿ।

**ਸਲਾਨਾ ਚੰਦਾ 100/- ਰੁ:** **ਜੀਵਨ ਭਰ ਲਈ ਚੰਦਾ: 2000/- ਰੁ:**

ਬੁਲਾਵੇ ਦੀ ਗੂੰਜ ਸੇਵਕਾਈ ਦੀਆਂ ਬਹੁਭਾਂਤੀ ਗਤੀਵਿਧੀਆਂ ਤੁਹਾਡੇ ਵਰਗੇ ਹੀ ਪ੍ਰਮੇਸ਼ਵਰ ਦੇ ਬੱਚਿਆਂ ਦੀਆਂ ਸਵੈ-ਇੱਛਤ ਭੇਟਾਂ ਅਤੇ ਦਾਨਾਂ ਦੁਆਰਾ ਚਲਾਈਆਂ ਜਾਂਦੀਆਂ ਹਨ। ਜਿਵੇਂ ਪ੍ਰਮੇਸ਼ਵਰ ਤੁਹਾਡੀ ਅਗਵਾਈ ਕਰਦਾ ਹੈ ਤੁਸੀਂ ਬੁਲਾਵੇ ਦੀ ਗੂੰਜ ਅਤੇ ਇਸਦੀਆਂ ਸੇਵਕਾਈਆਂ ਦੀ ਸਹਾਇਤਾ ਕਰ ਸਕਦੇ ਹੋ। ਸੁਸਮਾਚਾਰ ਨੂੰ ਅਪਹੁੰਚ ਇਲਾਕਿਆਂ ਤੱਕ ਪੁਚਾਉਣ ਅਤੇ ਕਲੀਸੀਆਵਾਂ ਦੀ ਸਥਾਪਨਾ ਕਰਨ ਲਈ ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ।

ਜੇਕਰ ਤੁਸੀਂ ਲਗਾਤਾਰ ਬੁਲਾਵੇ ਦੀ ਗੂੰਜ ਪੱਤ੍ਰਿਕਾ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਸਾਨੂੰ ਲਿਖੋ। ਜਦੋਂ ਕਦੇ ਵੀ ਤੁਸੀਂ ਆਪਣਾ ਡਾਕ ਪਤਾ ਜਾਂ ਈਮੇਲ ਪਤਾ ਬਦਲੋ ਤਾਂ ਕਿਰਪਾ ਕਰਕੇ ਸਾਨੂੰ ਆਪਣੇ ਪੁਰਾਣੇ ਅਤੇ ਨਵੇਂ ਪਤੇ ਦੀ ਜਾਣਕਾਰੀ ਜ਼ਰੂਰ ਦਿਓ।

16 ਭਾਸ਼ਾਵਾਂ ਵਿੱਚ ਬੁਲਾਵੇ ਦੀ ਗੂੰਜ ਸਾਡੀ ਵੈੱਬਸਾਈਟ ਤੇ ਵੀ ਉਪਲੱਬਧ ਹੈ। ਤੁਸੀਂ ਇਸਨੂੰ ਵੈੱਬਸਾਈਟ ਤੇ ਜਾ ਕੇ ਵੀ ਪੜ੍ਹ ਸਕਦੇ ਹੋ ਅਤੇ ਇਸਨੂੰ ਡਾਊਨਲੋਡ ਕਰਕੇ ਵੀ ਬਰਕਤ ਪਾ ਸਕਦੇ ਹੋ।

ਬੁਲਾਵੇ ਦੀ ਗੂੰਜ ਲਈ ਤੁਹਾਡੀਆਂ ਚਿੱਠੀਆਂ, ਪ੍ਰਾਰਥਨਾ ਬੇਨਤੀਆਂ ਅਤੇ ਆਰਥਿਕ ਸਹਾਇਤਾ ਡਿਮਾਂਡ ਡ੍ਰਾਫਟ, ਚੈੱਕ, ਮਨੀ ਆਡਰ, **NEFT, PayPal (Sam Selva Raj, sam@echoofhiscall.org) PhonePe (98410 71858), Gpay (98410 71858), Western Union, MoneyGram, etc.)** ਆਦਿ ਰਾਹੀ ਤੁਸੀਂ ਹੇਠ ਲਿਖੇ ਪਤੇ ਤੇ ਭੇਜ ਸਕਦੇ ਹੋ।

ਕਿਰਪਾ ਕਰਕੇ ਅੱਪਡੇਟ ਲਈ ਤੁਹਾਡੇ ਫ਼ੋਨ ਨੰ:/ ਮੋਬਾਇਲ ਨੰ: ਅਤੇ ਈਮੇਲ ਪਤੇ ਸਾਨੂੰ ਭੇਜੋ।

Our address :
**ECHO OF HIS CALL**
10, MOHAMMED ABDULLAH 2ND STREET, CHEPAUK, CHENNAI - 600 005, INDIA
PH: (+91-44) 2852 8282, 2852 9293, 2854 7766/ Cell: (+91) 98410 71852, 95661 31858 / E.mails: sam@echoofhiscall.org / biblecor@yahoo.co.in
Websites: www.echoofhiscall.org / www.stpaulsmatriculation.com

**YOU CAN SEND YOUR DONATION ONLINE ALSO**

**RNI NO. 2000/1914**
**Postal Regn. No. TN/CH/(C)/192/21-23**
**WPP NO. TN/PMG(CCR) / WPP- 263/21-23**
**Date of Publication: Third week of every month**
**Date of Posting : 19th & 20th of every month**
**Posted at "Egmore RMS / 1 Patrika Channel"**
**on 20th JUNE 2022**
**If un-delivered please return to:**
**ECHO OF HIS CALL (PUNJABI)**
**P.O. Box No. 2957,**
**Chepauk, Chennai - 600 005, INDIA.**
**Phone: (+ 91- 44) 2852 8282, 2852 9293, 2854 7766**

***JESUS LOVES YOU!***

**To**

*GOD BLESS YOU!*

Owned and published by **S. Sam Selva Raj** from New No. 8 & 10, Old No. 18 & 19, Mohammed Abdullah 2nd Street, Chepauk, Chennai-600 005 and printed by him at **Echo of His Call Printers**, New No. 8 & 10, Old No. 18 & 19, Mohammed Abdullah 2nd Street, Chepauk, Chennai-600 005. Editor: **S. Sam Selva Raj.**